# ਸੂਰਾ

ਮਾਸਕ ਪੱਤਰ

ਅੰਮ੍ਰਿਤਸਰ AMRITSAR

ਗੁਰਦਵਾਰਾ ਬਾਬੇ ਕੀ ਬੇਰ, ਸਿਆਲਕੋਟ

ਸਤੰਬਰ ੧੯੭੫ Sep 1975



ਇਥੇ ਗੁਰੂ ਨਾਨਕ ਦੇਵ ਜੀ ਨੇ ਮੂਲੇ ਖਤਰੀ ਤੋਂ 'ਮਰਣਾ ਸਚ ਤੇ ਜੀਣਾ ਝੂਠ'
ਸਿਧ ਕਰਾਇਆ ਤੇ ਪੀਰ ਹਮਜ਼ਾ ਗੌਂਸ ਦੀ ਮਤ ਿ ਣੇ ਲਿਆਂਦੀ।

www.AKJ.Org

ਡੀ. ਪੀ. ਆਈ. ਪੰਜਾਬ ਵਲੋਂ ਚਿੱਠੀ ਨੰਬਰ ੩/੭੦-੬੮-੨੧ (ਅ.ਪ.) ਮਿਤੀ ੧੭-੧੦-੬੮ ਅਨੁਸਾਰ 'ਸੂਰਾ' ਮਾਸਕ ਪੱਤਰ ਕਾਲਜਾਂ, ਸਕੂਲਾਂ ਅਤੇ ਸਮਾਜਿਕ ਸਿਖਿਆ ਕੇਂਦਰਾਂ ਦੀਆਂ ਲਾਇਬ੍ਰੇਰੀਆਂ ਲਈ ਪਰਵਾਨ ਹੈ।

---

## ਤਤਕਰਾ


| | | |
|---|---|---|
| ਬ-ਦਿਹ ਸਾਕੀ ਮਰਾ ਯਕ ਜਾਮ | ਭਾਈ ਸਾਹਿਬ ਨੰਦ ਲਾਲ ਜੀ | ੧ |
| ਧਰਮਰਾਇ ਦੀ ਦਰਗਾਹ (੪) | ਭਾਈ ਸਾਹਿਬ ਰਣਧੀਰ ਸਿੰਘ ਜੀ | ੨ |
| ਜਿਉਂ ਫੁੱਲਾਂ ਵਿਚ ਬਾਸ ਬਸਤ ਹੈ | ਸ: ਸਾਧੂ ਸਿੰਘ ਜੀ ਸੂਫੀ | ੫ |
| ਗੁਰਮਤਿ ਨਾਮ ਤੇ ਕ੍ਰਿਤਮ ਨਾਮ...... | ਭਾਈ ਸਾਹਿਬ ਰਣਧੀਰ ਸਿੰਘ ਜੀ | ੬ |
| ਆਤਮਕ ਲੋੜਾਂ | ਪ੍ਰਿੰਸੀਪਲ ਨਿਰੰਜਨ ਸਿੰਘ ਜੀ | ੯ |
| ੳ ਸਾਕੀ ! ਭਰ ਦੇ ਪਿਆਲਾ (ਗਜ਼ਲ ਦਾ ਕਾਵਿ ਰੂਪ) | ਸ: ਵਿਧਾਤਾ ਸਿੰਘ ਜੀ ਤੀਰ | ੯ |
| ਬਰਛਾ ਬੋਲਿਆ | ਪ੍ਰਿੰਸੀਪਲ ਸੁਜਾਨ ਸਿੰਘ ਜੀ | ੧੦ |
| ਦਮ ਦਮ (ਕਵਿਤਾ) | ਬੀਬੀ ਇੰਦਰਜੀਤ ਕੌਰ ਜੀ | ੧੫ |
| ਹਲੇਮੀ ਰਾਜ ਦੇ ਵਲਵਲੇ (ਕਵਿਤਾ) | ਸ: ਹਰਬੰਸ ਸਿੰਘ ਜੀ | ੧੬ |
| ਗੁਰਬਾਣੀ ਕੰਠ ਅਭਿਆਸ ਅਤੇ ਜਾਪੁ ਸਾਹਿਬ | ਭਾਈ ਸਾਹਿਬ ਜੋਗਿੰਦਰ ਸਿੰਘ ਜੀ | ੧੭ |
| ਅਭਖੁ ਭਖਹਿ ਭਖੁ ਤਜਿ ਛੋਡਹਿ | ਸ: ਅਮਰਜੀਤ ਸਿੰਘ ਜੀ | ੨੦ |
| ਤਿਆਗੋ ਮਨ ਕੀ ਮਤੜੀ | ਸੁਰਗਵਾਸੀ ਮਾ: ਤਾਰਾ ਸਿੰਘ ਜੀ | ੨੩ |
| ਪੰਥ ਦੀ ਸੋਨੇ ਦੀ ਚਿੜੀ (ਕਵਿਤਾ) | ਸ: ਦੇਵਾ ਸਿੰਘ ਜੀ ਕਿਰਤੀ | ੨੪ |
| ਮੁਸੀਬਤ ਸਮੇਂ ਖ਼ਾਲਸਈ ਕਰਤੱਵ | ਸ: ਕਰਮ ਸਿੰਘ ਜੀ ਹਿਸਟੋਰੀਅਨ | ੨੫ |
| ਗੁਰਬਾਣੀ ਲਗਾਂ ਮਾਤ੍ਰਾਂ ਦੀ ਮਹੱਤਤਾ | ਭਾਈ ਸਾਹਿਬ ਰਣਧੀਰ ਸਿੰਘ ਜੀ | ੨੯ |
| ਵੀਚਾਰ ਗੋਚਰੀ ਵੀਚਾਰ | ਸ: ਰਾਮ ਸਿੰਘ ਜੀ ਢਿਲੋਂ | ੩੩ |
| ਮਾਈ ਵਿਰਾਈ ਜੀ | ਸ: ਵਰਿਆਮ ਸਿੰਘ ਜੀ | ੩੫ |
| ਰੱਬ ਤੇ ਸਿੱਖ ਦੀ ਅਰਦਾਸ | ਸ: ਸ਼ਿਵਨਾਭ ਸਿੰਘ ਜੀ | ੩੯ |


---

## ਸਤੰਬਰ ੧੯੭੫ ਵਿਚ ਗੁਰਪੁਰਬ

| | |
|---|---|
| ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਪਹਿਲਾ ਪ੍ਰਕਾਸ਼ | ੬ ਸਤੰਬਰ |
| ਸ੍ਰੀ ਗੁਰੂ ਅਰਜਨ ਦੇਵ ਜੀ ਗੁਰਿਆਈ ਮਿਲੀ | ੭ ਸਤੰਬਰ |
| ਸ੍ਰੀ ਗੁਰੂ ਰਾਮਦਾਸ ਜੀ ਜੋਤੀ ਜੋਤਿ ਸਮਾਏ | ੮ ਸਤੰਬਰ |
| ਸ੍ਰੀ ਗੁਰੂ ਰਾਮਦਾਸ ਜੀ ਗੁਰਿਆਈ ਮਿਲੀ | ੧੮ ਸਤੰਬਰ |
| ਸ੍ਰੀ ਗੁਰੂ ਅਮਰਦਾਸ ਜੀ ਜੋਤੀ ਜੋਤਿ ਸਮਾਏ | ੨੦ ਸਤੰਬਰ |
| ਸ੍ਰੀ ਗੁਰੂ ਅੰਗਦ ਦੇਵ ਜੀ ਗੁਰਿਆਈ ਮਿਲੀ | ੨੫ ਸਤੰਬਰ |
| ਸ੍ਰੀ ਗੁਰੂ ਨਾਨਕ ਦੇਵ ਜੀ ਜੋਤੀ ਜੋਤਿ ਸਮਾਏ | ੩੦ ਸਤੰਬਰ |

---


ਜੀਊਲ ਫਾਈਨ ਪ੍ਰਿੰਟਰਜ਼, ਹਾਥੀਖ਼ਾਨਾ, ਬਜ਼ਾਰ ਮਾਈ ਸੇਵਾਂ, ਅੰਮ੍ਰਿਤਸਰ ਤੋਂ ਛਪਵਾ ਕੇ ਸੇਵਾ ਸਿੰਘ ਪ੍ਰਿੰਟਰ ਤੇ ਪਬਲਿਸ਼ਰ ਨੇ ਸਰਬ ਹਿੰਦ ਅਖੰਡ ਕੀਰਤਨੀ ਜੱਥੇ ਵਲੋਂ ਬਜ਼ਾਰ ਮਾਈ ਸੇਵਾਂ, ਕੂਚਾ ਚਤਰ ਸਿੰਘ, ਅੰਮ੍ਰਿਤਸਰ ਤੋਂ ਪ੍ਰਕਾਸ਼ਤ ਕੀਤਾ।

ਟੈਲੀਫ਼ੋਨ ਨੰਬਰ 51847


www.AKJ.Org

ਜਾ ਕਉ ਹਰਿ ਰੰਗੁ ਲਾਗੋ ਇਸੁ ਜੁਗ ਮਹਿ ਸੋ ਕਹੀਅਤ ਹੈ ਸੂਰਾ॥

੧ੳ ਵਾਹਿਗੁਰੂ ਜੀ ਕੀ ਫਤਹਿ

# ਸੂਰਾ

ਮਾਸਕ ਅੰਮ੍ਰਿਤਸਰ ਪੱਤਰ


ਸਾਲਾਨਾ ਚੰਦਾ ੮-੦੦
ਇਕ ਪਰਚਾ ੦-੭੫
ਪਰਦੇਸ
ਸਮੁੰਦਰੀ ਡਾਕ ੧੮-੫੦
ਹਵਾਈ ਡਾਕ
ਯੂ. ਕੇ. ਆਦਿ ੩੭-੦੦
ਅਮਰੀਕਾ, ਕੈਨੇਡਾ ੮ ਡਾਲਰ



ਐਡੀਟਰ
ਗਿ: ਜਸਵੰਤ ਸਿੰਘ
ਬੀ.ਏ., ਬੀ.ਟੀ.



ਸਰਬ ਹਿੰਦ ਅਖੰਡ ਕੀਰਤਨੀ ਜੱਥੇ ਵਲੋਂ ਗੁਰਮਤਿ ਮਾਸਕ ਪੱਤਰ

ਜਿਲਦ ੯ ਸਤਬਰ ੧੯੭੫ ਅੰਕ ੯


## ਬ-ਦਿਹ ਸਾਕੀ ਮਰਾ ਯਕ ਜਾਮ

ਬ-ਦਿਹ ਸਾਕੀ ਮਰਾ ਯਕ ਜਾਮਿ ਜਾਂ, ਰੰਗੀਨੀਏ ਦਿਲ-ਹਾ।
ਬ-ਚਸ਼ਮਿ ਪਾਕ ਬੀਂ, ਆਸਾਂਅ ਕੁਨਮ ਈਂ ਜੁਮਲਾ ਮੁਸ਼ਕਿਲ-ਹਾ ॥੧॥

ਮਰਾ ਦਰ ਮੰਜ਼ਲਿ ਜਾਨਾਂ ਹਮਾ ਐਸ਼ੋ ਹਮਾ ਸ਼ਾਦੀ।
ਜਰਸ ਬੇਹੂਦਾ ਮੇ-ਨਾਲਦ ਕੁਜਾ ਬੰਦੇਮ ਮਹਮਿਲ-ਹਾ ॥੨॥

ਖ਼ੁਦਾ ਹਾਜ਼ਰ ਬਵਦ ਦਾਇਮ, ਬਬੀਂ ਦੀਦਾਰਿ ਪਾਕਸ਼ ਰਾ।
ਨ ਗਿਰਦਾਬੇ ਦਰੋ ਹਾਇਲ, ਨ ਦਰਯਾਓ, ਨ ਸਾਹਿਲ-ਹਾ ॥੩॥

ਚਿਰਾ ਬੇਹੂਦਾ ਮੇ ਗਰਦੀ, ਬ-ਸਹਰਾਓ ਬ-ਦਸ਼ਤ, ਐ ਦਿਲ!
ਚੂ ਆਂ ਸੁਲਤਾਨਿ ਖ਼ੂਬਾਂ, ਕਰਦਹ ਅੰਦਰ ਦੀਦਹ ਮੰਜ਼ਿਲ-ਹਾ ॥੪॥

ਚੂੰ ਗ਼ੈਰ ਅਜ਼ ਜ਼ਾਤਿ ਪਾਕਸ਼ ਨੇਸਤ, ਦਰ ਹਰ ਜਾ ਕਿ ਮੇ ਬੀਨਮ।
ਬਗੋ 'ਗੋਇਆ' ਕੁਜਾ ਬਿਗੁਜ਼ਾਰਮ, ਈਂ ਦੁਨੀਆ ਓ ਐਹਲਿਲ-ਹਾ ॥੫॥

[ਭਾਈ ਨੰਦ ਲਾਲ ਜੀ, ਗਜ਼ਲ ੩


ਇਸ ਗ਼ਜ਼ਲ ਦਾ ਪੰਜਾਬੀ ਉਲਥਾ ਵੇਖੋ ਸਫ਼ਾ ੯ ਤੇ।



ਚਿੱਠੀ ਪੱਤਰ ਤੇ ਰਕਮ ਭੇਜਣ ਲਈ —
ਮੈਨੇਜਰ, 'ਸੂਰਾ' ਮਾਸਕ ਪੱਤਰ, ਬਜ਼ਾਰ ਮਾਈ ਸੇਵਾਂ, ਕੂਚਾ ਚਤਰ ਸਿੰਘ, ਅੰਮ੍ਰਿਤਸਰ



www.AKJ.Org

# ਧਰਮਰਾਇ ਦੀ ਦਰਗਾਹ (੪)

[ਵਲੋਂ—ਗੁਰਪੁਰ ਵਾਸੀ ਭਾਈ ਸਾਹਿਬ ਰਣਧੀਰ ਸਿੰਘ ਜੀ]

ਆਹ! ਅਗਾ ਸਵਾਰਨ ਲਈ ਕੈਸਾ ਪਿਆਰ ਉਪਕਾਰ ਭਰਿਆ ਗੁਰਵਾਕ ਉਚਾਰਨ ਹੋਇਆ ਹੈ। ਗੁਰੂ ਪੰਚਮ ਪਾਤਸ਼ਾਹ ਕੈਸੀ ਤਾਕੀਦੀ ਪਿਆਰ-ਲੋਰੀ ਦਿੰਦੇ ਹਨ। ਯਥਾ ਗੁਰਵਾਕ—

ਹਰਿਨਾਮੁ ਲੇਹੁ ਮੀਤਾ ਲੇਹੁ ॥ ਆਗੈ ਬਿਖਮ ਪੰਥੁ ਭੈਆਨ ॥੧॥ਰਹਾਉ॥ ਸੇਵਤ ਸੇਵਤ ਸਦਾ ਸੇਵਿ, ਤੇਰੈ ਸੰਗਿ ਬਸਤੁ ਹੈ ਕਾਲੁ ॥ ਕਰਿ ਸੇਵਾ ਤੂੰ ਸਾਧ ਕੀ, ਹੋ ਕਾਟੀਐ ਜਮ ਜਾਲੁ ॥੧॥ ਹੋਮ ਜਗ ਤੀਰਥ ਕੀਏ, ਬਿਚਿ ਹਉਮੈ ਬਸੇ ਬਿਕਾਰ ॥ ਨਰਕੁ ਸੁਰਗੁ ਦੁਇ ਭੁੰਚਨਾ, ਹੋਇ ਬਹੁਰਿ ਬਹੁਰਿ ਅਵਤਾਰ ॥੨॥ ਸਿਵਪੁਰੀ ਬ੍ਰਹਮ ਇੰਦ੍ਰਪੁਰੀ ਨਿਹਚਲੁ ਕੋ ਥਾਉ ਨਾਹਿ ॥ ਬਿਨੁ ਹਰਿ ਸੇਵਾ ਸੁਖੁ ਨਹੀ, ਹੋਰਿ ਸਾਕਤ ਆਵਹਿ ਜਾਹਿ ॥੩॥ ਜੈਸੋ ਗੁਰਿ ਉਪਦੇਸਿਆ, ਮੈ ਤੈਸੋ ਕਹਿਆ ਪੁਕਾਰਿ ॥ ਨਾਨਕੁ ਕਹੈ ਸੁਨਿ ਰੇ ਮਨਾ, ਕਰਿ ਕੀਰਤਨੁ ਹੋਇ ਉਧਾਰ ॥੪॥੧॥

[ਗਉੜੀ ਮਾਲਵਾ ਮ: ੫, ਪੰਨਾ ੨੧੪

ਅਸਾਡੇ ਤੇ ਤਰਸ ਖਾ ਕੇ ਪਰਮਾਰਥ-ਜਗਿਆਸੂਆਂ ਅਲਪੱਗ ਜੀਵਾਂ ਨੂੰ 'ਮੀਤਾ' ਪਦ ਨਾਲ ਸੰਬੋਧਨ ਕਰ ਕੇ ਗੁਰੂ ਸਾਹਿਬ ਫ਼ੁਰਮਾਉਂਦੇ ਹਨ—ਐ ਮੇਰੇ ਮਿਤਰ! ਖਿਨ ਖਿਨ ਨਾਮ ਲੇਹੁ, ਨਾਮ ਹੀ ਸੰਗ੍ਰਹਿ ਕਰਹੁ, ਮਤ ਬਿਲਮ ਕਰਹੁ, ਕਿਉਂਕਿ ਅਗੇ ਬੜਾ ਹੀ ਭਿਆਨਕ ਬਿਖੜਾ ਪੈਂਡਾ ਹੈ, ਜੋ ਕੇਵਲ ਨਾਮ ਦੇ ਜਪਿਆਂ ਹੀ ਕਟਿਆ ਜਾਣਾ ਹੈ। ਮਤ ਖ਼ਿਆਲ ਕਰ ਕਿ ਮਰਨਾ ਨਹੀਂ। ਕਾਲ ਤਾਂ ਤੇਰੇ ਸਿਰ ਤੇ ਖੜਾ ਹੈ। ਤਾਂ ਤੇ ਸਿਮਰਨ ਵਿਚ ਦੇਰ ਨ ਕਰ। ਸਦਾ ਸਿਮਰਨ-ਮਈ ਭਗਤਿ ਕਰੀ ਜਾਹੁ, ਨਾਮ-ਰੰਗ-ਰਤੜੇ ਸਾਧ ਜਨਾਂ ਦੀ ਸੇਵਾ ਕਰ। ਇਹੋ ਸਾਧ-ਗੁਰੂ ਦੀ ਸੇਵਾ ਹੈ, ਇਸੇ ਬਿਧ ਸੇਵਾ-ਸਿਮਰਨ ਕੀਤਿਆਂ ਹੀ ਜਮ ਰੂਪੀ ਕਾਲ ਦੇ ਜਾਲ ਕਟੇ ਜਾਣੇ ਹਨ, ਇਹ ਸਾਧ-ਗੁਰ-ਸੇਵਾ-ਸਿਮਰਨ ਕੇਵਲ ਗੁਰੂ ਨਾਨਕ ਸਾਹਿਬ ਦੇ ਘਰੋਂ ਹੀ ਪ੍ਰਾਪਤ ਹੈ। ਅਨਮਤ ਦ੍ਰਿੜ੍ਹਾਏ ਹੋਮ-ਜੱਗ ਤੀਰਥ ਆਦਿਕ ਕਰਮ ਕੀੜੇ ਕਿਸੇ ਭੀ ਕੰਮ ਨਹੀਂ, ਨ ਕਿਸੇ ਲੇਖੇ ਪੈਣੇ ਹਨ। ਏਹ ਕਰਮ ਸਭ ਹਉਮੈ ਅੰਦਰ ਹੀ ਕੀਤੇ ਜਾਂਦੇ ਹਨ, ਹਉਮੈ ਦੇ ਬੰਧਨ ਹੀ ਪੈਂਦੇ ਹਨ। ਕਿਉਂਕਿ ਹਉਮੈ ਵਿਚ ਕੀਤੇ ਕਰਮਾਂ ਕਰਕੇ ਹੰਕਾਰ ਹੀ ਵਧਦਾ ਹੈ। ਨਰਕ ਸੁਰਗ ਵਾਰੋ ਵਾਰ ਭੁਗਤਣੇ ਪੈਂਦੇ ਹਨ, ਦੋਹਾਂ ਨੂੰ ਭੋਗ ਭੋਗ ਕੇ ਮੁੜ ਜੂਨਾਂ ਵਿਚ ਪੈਣਾ ਪੈਂਦਾ ਹੈ। ਸ਼ਿਵਪੁਰੀ, ਬ੍ਰਹਮਪੁਰੀ, ਇੰਦ੍ਰਪੁਰੀਆਂ ਵਿਚ ਭਉਣਾ ਪੈਂਦਾ ਹੈ। ਨਾ ਹੀ ਪੁਰੀਆਂ ਵਾਲੇ ਥਾਉਂ ਨਿਹਚਲ ਹਨ, ਨ ਏਹਨਾਂ ਦਾ ਵਾਸਾ ਨਿਹਚਲ ਹੈ। ਬਿਨਾਂ ਸਚੇ ਨਾਮ ਰੂਪੀ ਹਰਿ ਸੇਵਾ ਦੇ ਸਚੇ ਸੁਖ ਦੀ ਪ੍ਰਾਪਤੀ ਕਿਤੇ ਭੀ ਨਹੀਂ। ਨਾਮ ਬਿਨਾਂ ਸਭ ਸ਼ਾਕਤ ਦੁਹੇਲੇ ਹਨ। ਸਭਨਾਂ ਨੂੰ ਆਵਾ-ਗਉਣ ਦੇ ਗੇੜ ਵਿਚ ਪੈਣਾ ਪਊ। ਜੈਸਾ ਧੁਰੋਂ ਗੁਰ-ਉਪਦੇਸ਼ ਉਤਰਿਆ ਹੈ, ਉਸੇ ਅਨੁਸਾਰ ਗੁਰੂ ਦੇ ਮੁਖਾਰਬਿੰਦ ਤੋਂ ਇਹ ਪੁਕਾਰ ਪੁਕਾਰੀ ਗਈ ਹੈ। ਗੁਰੂ ਅਰਜਨ ਦੇਵ ਜੀ ਫ਼ੁਰਮਾਉਂਦੇ ਹਨ ਕਿ ਕੇਵਲ ਸਿਫ਼ਤ ਸਲਾਹ, ਹਰੀ-ਜਸ ਕੀਰਤਨ ਦੁਆਰਾ ਹੀ ਉਧਾਰ ਹੁੰਦਾ ਹੈ, ਸੋ ਕਰੀ ਚਲੋ। ਇਸ ਉਪਦੇਸ਼ ਨੂੰ ਸੁਣ ਕੇ ਸਿਦਕਵਾਨਾਂ ਗੁਰਸਿਖਾਂ ਨੂੰ ਤਾਂ ਕੋਈ ਸੰਦੇਹ ਨਹੀਂ ਰਹਿੰਦਾ ਕਿ ਜੋ ਕੁਝ ਇਸ ਗੁਰਵਾਕ ਅੰਦਰ ਉਪਦੇਸ਼ਿਆ ਗਿਆ ਹੈ ਸੋ ਸਭ ਸਚ ਤੇ ਯਥਾਰਥ ਹੈ। ਇਸ ਗੁਰਵਾਕ ਦੁਆਰਾ ਹੇਠ ਲਿਖੀਆਂ ਗੱਲਾਂ ਸਿਧ ਹੁੰਦੀਆਂ ਹਨ:—

੧. ਸਿਰ ਤੇ ਕਾਲ ਹੈ। ੨. ਅਗੇ ਰਸਤਾ ਬਹੁਤ ਭਿਆਨਕ ਹੈ। ੩. ਸਿਮਰਨ ਕੀਤਿਆਂ ਜਮਜਾਲ ਕੱਟੇ ਜਾਂਦੇ ਹਨ। ੪. ਜਮਾਂ ਦਾ ਵਜੂਦ ਭੀ ਹੈ। ੫. ਨਰਕ ਸੁਰਗ ਅਸਥਾਨ ਭੀ ਹਨ, ਚਾਹੇ ਨਿਹਚਲ ਰਹਿਣ ਵਾਲੇ ਟਿਕਾਣੇ ਨਹੀਂ। ੬. ਸ਼ਿਵਪੁਰੀ, ਬ੍ਰਹਮਪੁਰੀ, ਇੰਦ੍ਰਪੁਰੀਆਂ ਆਦਿਕ ਪੁਰੀਆਂ ਭੀ ਹਨ।

ਏਨ੍ਹਾਂ ਗੱਲਾਂ ਤੋਂ ਇਨਕਾਰ ਨਹੀਂ ਹੋ ਸਕਦਾ। ਪਰ ਗੁਰਸਿਖਾਂ ਨਾਮ-ਰਸੀਆਂ ਪਰ ਇਨ੍ਹਾਂ ਦਾ ਕੋਈ ਅਸਰ ਨਹੀਂ। ਅਗਲੀ ਦਰਗਾਹ ਤਾਂ ਇਸ ਗੁਰਵਾਕ ਦਾ ਮੁਖ ਵਿਸ਼ਾ ਹੀ ਹੈ।



www.AKJ.Org

ਅਗਲਾ ਗੁਰਵਾਕ ਇਸ ਤੋਂ ਭੀ ਵਧ ਏਨ੍ਹਾਂ ਗੱਲਾਂ ਦੀ ਤਸਦੀਕ ਕਰਦਾ ਹੈ :—

ਹਰਿ ਬਿਨੁ ਅਵਰ ਕ੍ਰਿਆ ਬਿਰਥੇ ॥ ਜਪ ਤਪ ਸੰਜਮ ਕਰਮ ਕਮਾਣੇ, ਇਹਿ ਓਰੈ ਮੂਸੇ ॥੧॥ ਰਹਾਉ॥ ਬਰਤ ਨੇਮ ਸੰਜਮ ਮਹਿ ਰਹਤਾ, ਤਿਨ ਕਾ ਆਢੁ ਨ ਪਾਇਆ ॥ ਆਗੈ ਚਲਣੁ ਅਉਰੁ ਹੈ ਭਾਈ, ਊਂਹਾ ਕਾਮਿ ਨ ਆਇਆ ॥੧॥ ਤੀਰਥਿ ਨਾਇ ਅਰੁ ਧਰਨੀ ਭ੍ਰਮਤਾ, ਆਗੈ ਠਉਰ ਨ ਪਾਵੈ ॥ ਊਹਾ ਕਾਮਿ ਨ ਆਵੈ ਇਹਿ ਬਿਧਿ, ਓਹੁ ਲੋਗਨ ਹੀ ਪਤੀਆਵੈ ॥੨॥ ਚਤੁਰ ਬੇਦ ਮੁਖ-ਬਚਨੀ ਉਚਰੈ, ਆਗੈ ਮਹਲੁ ਨ ਪਾਈਐ ॥ ਬੂਝੈ ਨਾਹੀ ਏਕੁ ਸੁਧਾਖਰੁ, ਓਹੁ ਸਗਲੀ ਝਾਖ ਝਖਾਈਐ ॥੩॥ ਨਾਨਕ ਕਹਤੋ ਇਹੁ ਬੀਚਾਰਾ, ਜਿ ਕਮਾਵੈ ਸੁ ਪਾਰਗਰਾਮੀ ॥ ਗੁਰੁ ਸੇਵਹੁ ਅਰੁ ਨਾਮੁ ਧਿਆਵਹੁ, ਤਿਆਗਹੁ ਮਨਹੁ ਗੁਮਾਨੀ ॥੪॥੬॥ [ਗਉੜੀ ਮਹਲਾ ੫, ਪੰਨਾ ੨੧੬

ਇਸ ਸ਼ਬਦ ਦਾ ਭਾਵ-ਅਰਥ ਇਹ ਹੈ ਕਿ ਵਾਹਿਗੁਰੂ ਨਾਮ ਦੀ ਸਿਮਰਨ-ਕਮਾਈ ਬਿਨਾਂ ਹੋਰ ਕਿਰਤ ਕਰੰਮੀ ਕਿਰਿਆ ਦੇ ਉਦਮ ਸਭ ਬਿਰਥੇ ਹਨ। ਅਨਮਤ ਬੋਧਤ ਜਪੁ ਤਪੁ ਸੰਜਮ ਆਦਿ ਕਮਾਤੇ ਕਰਮ ਇਹ ਸਭ ਉਰੇ ਉਰੇ ਹੀ ਖੁਸ ਜਾਂਦੇ ਹਨ। ਅਰਥਾਤ ਇਥੇ ਹੀ ਰਹਿ ਜਾਂਦੇ ਹਨ । ਇਹਨਾਂ ਦਾ ਬੀਜਿਆ ਫਲ ਅਗੇ ਜਾ ਕੇ ਪੁੰਗਰਦਾ ਹੀ ਨਹੀਂ, ਨਾ ਹੀ ਇਥੇ ਉਗਦਾ ਹੈ। ਵਰਤ ਨੇਮ ਸੰਜਸ ਆਦਿ ਅਨਮਤ ਕਰਮ ਕਰਨ ਵਿਚ ਖਪ ਖਪ ਮਰਨ ਵਾਲਿਆਂ ਨੂੰ ਆਢ ਦਾਮ ਭੀ ਇਹਨਾਂ ਦੀ ਕਮਾਈ ਦਾ ਫਲ ਨਹੀਂ ਮਿਲਦਾ। ਇਹਨਾਂ ਖੋਟ-ਕਰਮੀ ਕਰਮਾਂ ਦਾ ਸਿੱਕਾ ਅਗੇ ਚਲ ਕੇ ਨਹੀਂ ਚਲਦਾ। ਉਥੇ ਹੋਰ ਹੀ ਸਿੱਕਾ ਚਲਦਾ ਹੈ, ਚਾਹੇ ਕਿੰਨੇ ਤੀਰਥ ਨਹਾਉਂਦਾ ਫਿਰੇ, ਕਿਤਨੀਆਂ ਧਰਤੀਆਂ ਭਉਂਦਾ ਫਿਰੇ। ਅਗੇ ਚਲ ਕੇ ਇਹਨਾਂ ਨੂੰ ਕੋਈ ਥਾਉਂ ਟਿਕਾਣਾ ਨਹੀਂ। ਅਰਥਾਤ ਇਹ ਕਰਮ ਕਿਸੇ ਲੇਖੇ ਨਹੀਂ ਪੈਂਦੇ। ਇਸ ਅਨਮਤੀ ਬਿਧੀ ਅਨੁਸਾਰ ਕੀਤੇ ਕਰਮ ਅਗਲੀ ਦਰਗਾਹ ਵਿਚ ਕੰਮ ਨਹੀਂ ਆਉਂਦੇ। ਇਥੇ ਲੋਕਾਂ ਨੂੰ ਪਤਿਆਉਣ ਪਰਚਾਉਣ ਲਈ ਇਹ ਪਾਖੰਡ ਕਰਮ ਕੰਮ ਨਹੀਂ ਦੇਂਦੇ। ਚਹੁੰਆਂ ਬੇਦਾਂ ਦਾ ਮੂੰਹ-ਜ਼ਬਾਨੀ ਪਾਠ ਵੀ ਇਥੇ ਰਹਿ ਜਾਂਦਾ ਹੈ, ਇਹਨਾਂ ਦਾ ਫਲ-ਅੰਕੂਰ ਰਾਈ ਮਾਤਰ ਭੀ ਅਗੇ ਚਲ ਕੇ ਸਫੁਟ ਨਹੀਂ ਹੁੰਦਾ । ਵਾਹਿਗੁਰੂ ਸੱਚੇ ਦੇ ਮਹਿਲ ਦੀ ਪ੍ਰਾਪਤੀ ਤਾਂ ਏਸ ਦੁਆਰੇ ਕੀ ਹੋਣੀ ਸੀ, ਇਕ ਸ਼ੁਧ ਅੱਖਰ ਵਾਹਿਗੁਰੂ ਨਾਮ ਬੁਝੇ ਬਿਨਾਂ ਭਾਵੇਂ ਕਿਤਨੇ ਹੀ ਬੇਦ-ਪਾਠ ਮੁਖ-ਬਚਨੀ ਉਚਰੇ ਜਾਣ, ਇਹ ਸਾਰੀ ਕਿਰਤ ਕਰਣੀ ਝਾਖ ਝਖਰਨੀ ਹੀ ਗਿਣੀ ਜਾਊ। ਗੁਰੂ ਨਾਨਕ ਸਾਹਿਬ ਇਹ ਤੱਤ ਬੀਚਾਰ ਉਪਦੇਸ਼ ਮੁਖੋਂ ਉਚਾਰਦੇ ਹਨ, ਕੇਵਲ ਇਸ ਨੂੰ ਕਮਾਵਣਹਾਰਾ ਹੀ ਪਾਰਗਰਾਮੀ ਹੋ ਸਕਦਾ ਹੈ । ਉਹ ਕਿਹੜਾ ਉਪਦੇਸ਼ ਵੀਚਾਰ ਹੈ ? ਇਹ ਕਿ ਸਚੇ ਗੁਰੂ ਸਚੇ ਸਤਿਗੁਰੂ ਦਾ ਆਗਿਆਕਾਰੀ ਸੇਵਕ ਸਿਖ ਸਜ ਕੇ ਜੋ ਗੁਰਮਤਿ ਨਾਮ ਧਿਆਉਂਦਾ ਹੈ, ਨਿਸ਼ਕਾਮ ਤੇ ਨਿਰ-ਅਭਿਮਾਨ ਹੋ ਕੇ ਉਸ ਦੀ ਨਾਮ ਅਭਿਆਸ ਕਮਾਈ ਲੇਖੇ ਪੈਂਦੀ ਹੈ, ਤੇ ਅਗਲੀ ਦਰਗਾਹ ਫਲਦੀ ਫਲਦੀ ਹੈ।

ਜਿਨ੍ਹਾਂ ਨੇ ਅਕਥ ਕਥਾ-ਮਈ ਨਾਮ ਨਿਧਾਨ ਗੁਰੂ ਦੁਆਰਾ ਪਾ ਕੇ ਧਿਆਇਆ ਕਮਾਇਆ ਹੈ, ਤਿਨ੍ਹਾਂ ਨੇ ਅਗਲੀ ਦਰਗਾਹ ਜਾ ਕੇ ਸ਼ੋਭਾਵੰਤ ਬਾਂਹ ਲੁਡਾਰਨੀ ਸਚੀ ਸੁਹਾਗਣੀ ਦਾ ਮਰਤਬਾ ਪਾਇਆ ਹੈ। ਯਥਾ —

ਮੈ ਪਾਇਓ ਸਰਬ ਨਿਧਾਨੁ ਅਕਥੁ ਕਥਾਰੀਆ ॥
ਹਰਿ ਦਰਗਹ ਸੋਭਾਵੰਤ ਬਾਹ ਲੁਡਾਰੀਆ ॥੭॥
[ਗਉੜੀ ਮਾਝ ਮ: ੫, ਪੰਨਾ ੨੪੧

ਜਿਨ੍ਹਾਂ ਨੇ ਸਤਿਗੁਰ-ਮਤਿ-ਬੁਧ ਪਾ ਕੇ ਗੁਰਮਤਿ ਨਾਮ ਦਾ ਰਸਨਾ ਕਰਕੇ ਅਜਪਾ ਜਾਪ ਜਪਿਆ ਹੈ, ਤੇ ਜਪ ਜਪ ਕੇ ਅਤੁਟ ਜਾਪ ਦੇ ਪ੍ਰਤਾਪ ਕਰ ਆਪਣਾ ਮਨ ਰੰਗਿਆ ਹੈ, ਤਿਨ੍ਹਾਂ ਦਾ ਅਗਲੀ ਦਰਗਾਹ ਅੰਦਰ ਅਨਾਦਰ ਕੋਈ ਨਹੀਂ ਕਰਦਾ; ਰੇ ! ਰੇ ! ਕਰ ਕੇ ਕੋਈ ਨਹੀਂ ਬੁਲਾਉਂਦਾ; ਸਭ ਕੋਈ ਆਦਰ ਦਿੰਦਾ ਹੈ। ਉਨ੍ਹਾਂ ਉਚ ਮੰਜ਼ਲੀ ਮਹਿਲਾਂ ਵਿਚ ਤਿਨ੍ਹਾਂ ਦਾ ਵਾਸ ਹੋ ਜਾਂਦਾ ਹੈ, ਜਿਥੇ ਵਸ ਕੇ ਜੰਮਣ ਮਰਨ ਚੁਰਾਸੀ ਦਾ ਗੇੜ ਮੁਕ ਜਾਂਦਾ ਹੈ। ਨਾ ਉਨ੍ਹਾਂ ਮਹਿਲਾਂ ਦਾ ਬਿਨਾਸ ਹੈ, ਨਾ ਹੀ ਮਹਿਲ-ਵਾਸੀਆਂ ਦਾ ਬਿਨਾਸ ਹੁੰਦਾ ਹੈ। ਯਥਾ ਗੁਰਵਾਕ —

ਰਾਰਾ ਰੰਗਹੁ ਇਆਂ ਮਨੁ ਅਪਨਾ ॥ ਹਰਿ ਹਰਿ ਨਾਮੁ ਜਪਹੁ ਜਪੁ ਰਸਨਾ ॥ ਰੇ ਰੇ ਦਰਗਹ ਕਹੈ



www.AKJ.Org

ਨ ਕੋਊ ॥ ਆਉ ਬੈਠੁ ਆਦਰੁ ਸੁਭ ਦੇਊ॥ ਉਆ ਮਹਲੀ ਪਾਵਹਿ ਤੂ ਬਾਸਾ॥ਜਨਮ ਮਰਨ ਨਹਿ ਹੋਇ ਬਿਨਾਸਾ ॥ [ਬਾਵਨ ਅਖਰੀ ਮ: ੫, ਪੰਨਾ ੨੫੨

ਸੁਖਮਨੀ ਸਾਹਿਬ ਦੇ ਅਗਲੇਰੇ ਵਾਕ ਅਗਲੀ ਦਰਗਾਹ ਦੇ ਸੱਚ ਨੂੰ ਖ਼ੂਬ ਸਚਿਆਉਂਦੇ ਹਨ :—

ਜਹ ਮੁਸਕਲ ਹੋਵੈ ਅਤਿ ਭਾਰੀ ॥ ਹਰਿ ਕੋ ਨਾਮੁ ਖਿਨ ਮਾਹਿ ਉਧਾਰੀ ॥......ਜਹ ਮਾਰਗਿ ਇਹੁ ਜਾਤ ਇਕੇਲਾ ॥ ਤਹ ਹਰਿਨਾਮੁ ਸੰਗਿ ਹੋਤ ਸੁਹੇਲਾ ॥......ਜਿਹ ਮਾਰਗ ਕੇ ਗਨੇ ਜਾਹਿ ਨ ਕੋਸਾ ॥ ਹਰਿ ਕਾ ਨਾਮੁ ਊਹਾ ਸੰਗਿ ਤੋਸਾ ॥ ਜਿਹ ਪੈਡੈ ਮਹਾ ਅੰਧ ਗੁਬਾਰਾ ॥ ਹਰਿ ਕਾ ਨਾਮੁ ਸੰਗਿ ਉਜੀਆਰਾ ॥ ਜਹਾ ਪੰਥਿ ਤੇਰਾ ਕੋ ਨ ਸਿਞਾਨੂ ॥ ਹਰਿ ਕਾ ਨਾਮੁ ਤਹ ਨਾਲਿ ਪਛਾਨੂ ॥ ਜਹ ਮਹਾ ਭਇਆਨ ਤਪਤਿ ਬਹੁ ਘਾਮ ॥ ਤਹ ਹਰਿ ਕੇ ਨਾਮ ਕੀ ਤੁਮ ਊਪਰਿ ਛਾਮ ॥ ਜਹਾ ਤ੍ਰਿਖਾ ਮਨ ਤੁਝੁ ਆਕਰਖੈ ॥ ਤਹ ਨਾਨਕ ਹਰਿ ਹਰਿ ਅੰਮ੍ਰਿਤੁ ਬਰਖੈ ॥੪॥

[ਸੁਖਮਨੀ ਸਾਹਿਬ, ਅਸਟਪਦੀ ੨

ਗੁਰੂ ਸਾਹਿਬ ਜੀ ਦੇ ਸੁਖਮਨੀ ਵਿਚ ਉਚਾਰੇ ਇਹਨਾਂ ਸਤਿ ਵਾਕਾਂ ਦੀ ਰੌਸ਼ਨੀ ਤਲੇ ਅਗਲੀ ਦਰਗਾਹ ਦੀ ਵਰਨਣ ਕੀਤੀ (ਉਪਰ ਵਰਨੀ) ਬਿਵਸਥਾ ਸਭ ਸਤੋ-ਸਤਿ ਹੈ। ਜਿਨ੍ਹਾਂ ਸਤਿ-ਨਾਮ ਦੀ ਸਤਿ-ਕਮਾਈ ਕੀਤੀ ਹੈ ਤਿਨ੍ਹਾਂ ਨੇ ਉਪਰ ਵਰਨਿਆ ਅਗਲੀ ਦਰਗਾਹ ਦਾ ਬਿਰਤੰਤ ਨਕਸ਼ਾ ਆਪਣੀ ਅੱਖੀਂ ਪੇਖਿਆ ਆਖਿਆ ਹੈ। ਸਚ ਮੁਚ ਜੀਵ ਜਦ ਮਰਨ ਕਾਲ ਸਮੇਂ ਦੇਹੀ ਛੋੜਦਾ ਹੈ ਤਾਂ ਦੇਹੀ ਹੀ ਮਰਦੀ ਹੈ, ਜੀਵ ਨਹੀਂ ਮਰਦਾ। ਹਰ ਇਕ ਜੀਵ ਆਪੋ ਆਪਣੀ ਕਰਣੀ ਅਨੁਸਾਰ ਅਗਲੇ ਲੋਕ ਵਿਚ ਜਾਂਦਾ ਹੈ, ਅਗੇ ਕਰਨੀ ਦਾ ਫਲ ਪਾਂਦਾ ਹੈ। ਨਾਮੋਂ ਘੁਥੇ ਜੀਵ ਨੂੰ ਅਗਲੇ ਲੋਕ ਵਿਚ ਖੁਆਰੀ ਹੀ ਖੁਆਰੀ ਹੈ। ਸਚ ਮੁਚ ਅਗੇ ਉਹ ਅਸਥਾਨ ਹਨ ਜਿਥੇ ਸਾਰਿਆਂ ਜੀਵਾਂ ਨੂੰ ਅਤੀ ਮੁਸ਼ਕਲ ਭਾਰੀ ਬਣਦੀ ਹੈ। ਤਿਨ੍ਹਾਂ ਹੀ ਭਾਰੀ ਮੁਸ਼ਕਲ ਅਸਥਾਨਾਂ ਵਿਖੇ ਜਾਣ ਵਾਲੇ ਨਾਮ-ਕਮਾਈਆਂ ਵਾਲੇ ਜੀਵ ਖਿਨ ਮਾਹਿ ਉਧਾਰੀਦੇ ਦੇਖੇ ਗਏ, ਸਚ ਸਰੇਖੇ ਗਏ ਹਨ। ਸੁਚਮੁਚ ਐਸੇ ਵੀ ਮਸਥਾਨ ਅਗਾਹਾਂ ਹਨ, ਜਿਥੇ ਜਾਣ ਵਾਲੇ ਜੀਵਾਂ ਨੂੰ ਆਰਗ ਦਿਸਦਾ ਹੀ ਨਹੀਂ, ਬਿਲਕੁਲ ਸੁੰਨ-ਮਸੁੰਨ ਰਸਤਿਆਂ ਥਾਣੀਂ ਉਸ ਨੂੰ ਲੰਘਣਾ ਪੈਂਦਾ ਹੈ, ਜਿਥੇ ਇਕੱਲ ਬੜੀ ਹੀ ਡਰਾਉਣੀ ਹੁੰਦੀ ਹੈ। ਜਿਨ੍ਹਾਂ ਨੇ ਨਾਮ ਦੀ ਅਤੁਟ ਕਮਾਈ ਕੀਤੀ ਹੁੰਦੀ ਹੈ (ਮਾਨੁਖਾ ਦੇਹ ਧਾਰ ਕੇ) ਤਿਨ੍ਹਾਂ ਨੂੰ ਤ੍ਰਾਹੁਣੇ, ਮਨ-ਕੰਬਾਉਣੇ, ਚਿਤ-ਘਬਰਾਉਣੇ ਮਾਰਗ ਵਿਖੇ ਵਾਹਿਗੁਰੂ ਨਾਮ ਸਚਾ ਸੰਗੀ ਸਾਥੀ ਅਤੇ ਸੁਹੇਲਾ ਰਾਹਬਰ ਬਣਦਾ ਹੈ। ਜੀਵ ਨੂੰ ਅਗੇ ਜਾ ਕੇ ਐਸਾ ਅਤੀ ਲੰਬਾ ਮਾਰਗ ਦਰਪੇਸ਼ ਆਉਂਦਾ ਹੈ, ਜਿਸ ਮਾਰਗ ਦੇ ਦੂਰ ਦਰਾਜ ਕੋਸ (ਮੀਲ) ਅਨਗਿਣਤ ਹੁੰਦੇ ਹਨ। ਜੀਵ ਉਸ ਬਿਕਟ ਮਾਰਗ ਵਿਖੇ ਅਤੀ ਅਸਹਿ ਬਿਕਰਾਲ ਭੁਖ ਤਿਖਾ ਨਾਲ ਭੁੱਖਾ ਪਿਆਸਾ ਹੋ ਹੋ ਮਰਿ ਮਰਿ ਜਾਂਦਾ ਹੈ। ਜਿਨ੍ਹਾਂ ਨੇ ਨਾਮ ਦੀ ਕਮਾਈ ਨਹੀਂ ਕੀਤੀ ਹੁੰਦੀ ਉਹ ਭੁੱਖ ਨਾਲ ਬੜੇ ਹੀ ਦੁਖੀ ਹੁੰਦੇ ਹਨ। ਭੁੱਖ ਉਨ੍ਹਾਂ ਦੀ ਕਦੇ ਮਿਟਦੀ ਹੀ ਨਹੀਂ, ਬੜੇ ਹੀ ਔਖੇ ਹੁੰਦੇ ਹਨ। ਜਿਨ੍ਹਾਂ ਨੇ ਨਾਮ-ਕਮਾਈਆਂ ਕੀਤੀਆਂ ਹੋਈਆਂ ਹੁੰਦੀਆਂ ਹਨ ਉਨ੍ਹਾਂ ਨੂੰ ਏਥੇ ਬੀਜਿਆ ਹੋਇਆ ਨਾਮ ਅਗੇ ਜਾ ਕੇ ਵੀ ਪੁੰਗਰਦਾ ਹੈ। ਹਰ ਛਿਨ ਤੇ ਹਰ ਕਦਮ ਤੇ ਨਾਮ ਦਾ ਅਧਾਰ ਏਥੇ ਉਥੇ ਦੋਹੀਂ ਥਾਈਂ, ਤਤ ਰਸ-ਅਧਾਰੀ ਤੋਸਾ ਬਣ ਕੇ ਤਿਨ੍ਹਾਂ ਦੇ ਅੰਤਰ ਸਾਥ ਹਾਜ਼ਰ ਰਹਿੰਦਾ ਹੈ। ਉਨ੍ਹਾਂ ਨੂੰ ਭੁਖ ਦਾ ਦੁਖ ਕੋਈ ਨਹੀਂ ਵਿਆਪਦਾ। ਨਾਮ ਨਾਲ ਹੀ ਰਜੇ ਰਹਿੰਦੇ ਹਨ। ਅਗਲੀ ਦਰਗਾਹ ਵਿਚ ਨਾਲ ਚਲਣ ਵਾਲਾ ਸਚ ਪਦਾਰਥ ਤੋਸਾ ਹੈ ਤਾਂ ਨਾਮ ਹੀ। ਹੋਰ ਕੋਈ ਪਦਾਰਥ ਨਾਲ ਨਹੀਂ ਜਾਂਦਾ। ਮਾਇਆ ਧਨ ਲਖਮੀ ਦੇ ਅੰਬਾਰਾਂ ਦੇ ਅੰਬਾਰ ਇਕੱਠੇ ਕੀਤੇ ਇਥੇ ਹੀ ਰਹਿ ਜਾਂਦੇ ਹਨ। ਨਾਮ ਮਾਤਰ ਵੀ ਅਧਾਰ ਨਹੀਂ ਦਿੰਦੇ ਅਗੇ ਚਲ ਕੇ। ਨਾ ਅਗੇ ਜਾਂਦੇ ਹਨ, ਨਾ ਅਗੇ ਕੋਈ ਅਧਾਰ ਦਿੰਦੇ ਹਨ। ਇਹ ਕੇਵਲ ਨਾਮ ਦਾ ਪਦਾਰਥ ਹੀ ਹੈ ਜਿਸ ਦਾ ਅਗਲੇ ਲੋਕ ਵਿਚ ਅਧਾਰ ਮਿਲਦਾ ਹੈ। ਬੜੇ ਬੜੇ ਜਗ ਕੀਤੇ, ਦੇਵ-ਪਿਤਰਾਂ ਨਮਿਤ ਸ਼ਰਾਧ ਕੀਤੇ, ਕੁਝ ਅਧਾਰ ਨਹੀਂ ਦਿੰਦੇ। ਪਿਤਰ ਕਰਮ ਕੀਤੇ ਉਂਜ ਹੀ ਮੁਹਿ (ਖੁਸ) ਜਾਂਦੇ ਹਨ। ਜੀਵਾਂ ਨੂੰ ਅਗੇ ਕਦੇ ਵੀ ਸਹਾਈ ਨਹੀਂ ਹੁੰਦੇ, ਸਚ ਮੁਚ ਐਸੇ ਪੈਂਡੇ ਵੀ ਆਉਂਦੇ ਹਨ, ਜਿਨ੍ਹਾਂ ਪੈਂਡਿਆਂ ਵਿਖੇ ਮਹਾਂ ਅੰਧ ਗੁਬਾਰ ਹੀ ਹੁੰਦਾ ਹੈ।



www.AKJ.Org

ਹੱਥ ਮਾਰਿਆਂ ਕੁਝ ਦਿਖਾਈ ਨਹੀਂ ਦਿੰਦਾ। ਤਿਨ੍ਹਾਂ ਮਹਾਂ ਅੰਧਕਾਰ ਵਾਲੇ ਪੈਂਡਿਆਂ ਵਿਖੇ ਹਰਿ ਕੇ ਨਾਮ ਦਾ ਹੀ ਉਜਿਆਰਾ ਪਾਰ-ਉਤਾਰਾ ਕਰਦਾ ਹੈ। ਜਿਨ੍ਹਾਂ ਨੇ ਨਾਮ ਕਮਾਇਆ ਹੁੰਦਾ ਹੈ, ਤਿਨ੍ਹਾਂ ਨੂੰ ਅਗੇ ਚਲ ਕੇ ਮਹਾਂ ਅੰਧ ਗੁਬਾਰ ਪੈਂਡਿਆਂ ਵਿਚ ਨਾਮ ਦਾ ਉਜਿਆਰਾ ਹਰ ਦਮ ਸੰਗ ਸਾਥ ਰਹਿੰਦਾ ਹੈ। ਦੇਹੀ ਤਿਆਗ ਕੇ ਅਗੇ ਗਏ ਜੀਵ ਨੂੰ ਐਸੇ ਪੰਧ ਪੰਥ ਵੀ ਪੇਸ਼ ਆਉਂਦੇ ਹਨ ਜਿਥੇ ਉਸ ਦਾ ਕੋਈ ਸੈਣ ਸਾਕ ਸਿਆਣੂੰ ਨਹੀਂ ਹੁੰਦਾ, ਕਲ-ਮਕੱਲੇ ਜੀਵ ਨੂੰ ਇਕੱਲ ਪਈ ਖਾਂਦੀ ਹੈ। ਨਾਮ ਜਪਣ ਵਾਲੇ ਜੀਵ ਜਦੋਂ ਦੇਹੀਉਂ ਜੁਦਾ ਹੁੰਦੇ ਹਨ ਤੇ ਉਹਨਾਂ ਨੂੰ ਇਕੱਲ ਵਾਲਿਆਂ ਪੈਂਡਿਆਂ ਵਿਖੇ ਵਾਹਿਗੁਰੂ ਦਾ ਨਾਮ ਸਚਾ ਪਛਾਣੂ ਹੋ ਕੇ ਪੁਕਰਦਾ ਹੈ, ਜੋ ਹਰ ਛਿਨ ਉਸ ਦੇ ਸੰਗ ਸਾਥ ਰਹਿੰਦਾ ਹੈ। ਅਤੇ ਸੰਗ ਸਾਥ ਵੀ ਸਦੀਵ ਲਈ ਨਿਭਦਾ-ਨਿਭਾਉਂਦਾ ਹੈ। ਐਸੇ ਭੱਠ ਵਾਂਗੂ ਤਪ ਰਹੇ ਤਪਤ ਅਸਥਾਨਾਂ ਵਿਚ ਦੀ ਜੀਵ ਨੂੰ ਲੰਘਣਾ ਪੈਂਦਾ ਹੈ, ਜਿਥੇ ਮਹਾਂ ਭਿਆਨਕ ਤਪਤ ਵਾਲੀ ਗਰਮੀ ਪੈਂਦੀ ਹੈ ਅਤੇ ਧੁੱਪ ਹੀ ਧੁੱਪ ਉਥੇ ਰਹਿੰਦੀ ਹੈ। ਜਿਨ੍ਹਾਂ ਨਾਮ-ਕਮਾਈਆਂ ਕੀਤੀਆਂ ਹੁੰਦੀਆਂ ਹਨ ਤਿਨ੍ਹਾਂ ਨੂੰ ਇਹਨਾਂ ਮਹਾਂ ਭਿਆਨਕ ਤਪਤ ਘਾਮਾਂ ਵਿਖੇ ਵਾਹਿਗੁਰੂ ਨਾਮ ਦੀ ਛਾਉਂ ਛਾਇਆ ਬਣ ਕੇ ਸਿਰ ਤੇ ਛਾਈ ਰਹਿੰਦੀ ਹੈ। ਫੇਰ ਅਗੇ ਜਾ ਕੇ ਐਨੇ ਡੂੰਗਰ ਥਾਵਾਂ ਵਿਚ ਦੀ ਭੀ ਦੇਹੀਉਂ ਛੁਟੇ ਜੀਵ ਨੂੰ ਲੰਘਣਾ ਪੈਂਦਾ ਹੈ ਜਿਥੇ ਕਿਤੇ ਪੀਣ ਨੂੰ ਪਾਣੀ ਨਹੀਂ ਮਿਲਦਾ ਅਤੇ ਬੜੀ ਡਾਢੀ ਤ੍ਰਿਖਾ (ਤ੍ਰੇਹ ਪਿਆਸ) ਜੀਵ ਨੂੰ ਕਣਤਾਉਂਦੀ ਤੜਫਾਉਂਦੀ ਹੈ। ਨਿਰੰਕਾਰੀ ਨਾਮ ਦੇ ਅਭਿਆਸ-ਚਾਰੀਆਂ ਨੂੰ ਤਿਥੇ ਹੀ ਅੰਮ੍ਰਿਤ ਦੀ ਬਰਖਾ ਫੁਹਾਰਿਆਂ ਵਾਂਗੂ ਪੈ ਪੈ ਕੇ ਤ੍ਰਿਪਤਾਉਂਦੀ ਰਹਿੰਦੀ ਹੈ। ਏਹ ਅਗੇ ਦੇ ਵਰਤਾਉ ਦਾ ਪਰਤੱਖ ਨਜ਼ਾਰਾ ਹੈ, ਜੋ ਨਦਰ-ਕਰੰਮੀਆਂ ਪੇਖਿਆ-ਪਰਖਿਆ ਹੈ, ਜਿਸ ਵਿਚ ਸ਼ਕ ਸ਼ਿਕਾਇਤ ਦੀ ਗੁੰਜਾਇਸ਼ ਨਹੀਂ। ਪਰ ਅਸ਼ਰਧਕ ਸੰਸਾਰੀਆਂ ਮਾਇਆ-ਧਾਰੀਆਂ, ਅੰਧ ਅੰਧਾਰੀਆਂ ਦੀ ਐਸੀ ਗਤੀ ਹੋਇ ਰਹੀ ਹੈ ਕਿ ਜੋ ਠਾਕਰ ਸਦ ਸਦਾ ਹਜ਼ੂਰੇ ਹੈ, ਸੋ ਦੂਰ ਹੀ ਦਿਖਦਾ ਹੈ। ਜਿਸ ਵਾਹਿਗੁਰੂ ਦੀ ਸਿਮਰਨ-ਮਈ ਸੇਵਾ ਟਹਿਲ ਕੀਤਿਆਂ ਦਰਗਹਿ ਮਾਨ ਪਾਈਦਾ ਹੈ, ਮੁਗਧ ਅਜਾਣ ਮਨਮੁਖੀ ਬੰਦੇ ਤਿਸ ਨੂੰ ਵਿਸਾਰੀ ਫਿਰਦੇ ਹਨ। ਹਾਲਾਂਕਿ ਗੁਰਬਾਣੀ, ਧੁਰੋਂ ਆਈ ਗੁਰਸਿਖਾਂ ਦੀ ਇਸ਼ਟ ਬਾਣੀ, ਪੁਕਾਰ ਪੁਕਾਰ ਕੇ ਦ੍ਰਿੜ੍ਹਾ ਰਹੀ ਹੈ ਕਿ ਵਾਹਿਗੁਰੂ ਦਾ ਨਾਮ ਜਪਣ ਕਰਕੇ ਦਰਗਹਿ ਮਾਣ ਪ੍ਰਾਪਤ ਹੁੰਦਾ ਹੈ ਅਤੇ ਪਤਿ ਪਰਤਿਸ਼ਟਾ ਸੇਤੀ ਘਰ ਧਾਮ ਵਸੇਰਾ ਪ੍ਰਾਪਤ ਹੁੰਦਾ ਹੈ। ਫੇਰ ਭੀ ਸਿਖ ਸਦਾਉਣ ਵਾਲੇ, ਸਿਖੀ ਦਾ ਦਾਅਵਾ ਕਰਨ ਵਾਲੇ ਕਥ ਕਰਕੇ ਨਹੀਂ ਕੁਛ ਸਮਝਦੇ ਅਤੇ ਗੁਰਵਾਕਾਂ ਤੇ ਪ੍ਰਤੀਤ ਨਹੀਂ ਕਰਦੇ। ਯਥਾ :—

> ਜੋ ਠਾਕੁਰੁ ਸਦ ਸਦਾ ਹਜੂਰੇ ॥ ਤਾ ਕਉ ਅੰਧਾ ਜਾਨਤ ਦੂਰੇ ॥ ਜਾ ਕੀ ਟਹਲ ਪਾਵੈ ਦਰਗਹਿ ਮਾਨੁ ॥ ਤਿਸਹਿ ਬਿਸਾਰੈ ਮੁਗਧੁ ਅਜਾਨੁ ॥...
> ਪ੍ਰਭ ਜੀ ਜਪਤ ਦਰਗਹ ਮਾਨ ਪਾਵਹਿ ॥
> ਨਾਨਕ ਪਤਿ ਸੇਤੀ ਘਰਿ ਜਾਵਹਿ ॥

[ਸੁਖਮਨੀ ਸਾਹਿਬ, ਅਸਟ: ੪, ੬
'ਅਣਡਿਠੀ ਦੁਨੀਆਂ' ਵਿਚੋਂ]

# ਜਿਉਂ ਫੁੱਲਾਂ ਵਿਚ ਬਾਸ ਬਸਤ ਹੈ

[ ਵਲੋਂ—ਸ: ਸਾਧੂ ਸਿੰਘ ਜੀ ਸੂਫੀ, ਕੋਟ ਮੁਹੰਮਦ ਖ਼ਾਂ ]

ਜਿਉਂ ਫੁੱਲਾਂ ਵਿਚ ਬਾਸ ਬਸਤ ਹੈ, ਜਿਉਂ ਮਹਿੰਦੀ ਵਿਚ ਲਾਲੀ, ਦਿਸੇ ਨਿਰਾਲੀ।
ਜਿਉਂ ਵਿਚ ਤੇਲ ਤਿੱਲਾਂ ਤੇ ਵਸਦਾ, ਜਿਉਂ ਸੋਨਾ ਵਿਚ ਵਾਲੀ, ਦੇ ਦਿਖਾਲੀ।
ਜਿਉਂ ਵਿਚ ਅੱਖਰਾਂ ਦਿਸੇ ਸਿਆਹੀ, ਜਿਉਂ ਕਾਂਸੀ ਵਿਚ ਥਾਲੀ, ਸਦਾ ਖ਼ਿਆਲੀ।
ਤਿਉਂ ਵਿਚ ਜਗਤ ਬਸੇ ਬ੍ਰਹਮ ਸੂਫੀ, ਜਦ ਮਨ ਸੁਰਤ ਸੰਭਾਲੀ, ਦੂਜ ਨਿਕਾਲੀ।੧੨੭।

ਜਿਉਂ ਰੱਸੀ ਵਿਚ ਭਰਮ ਸਰਪ ਦਾ, ਜਿਉਂ ਸੂਤਰ ਵਿਚ ਤਾਣੀ, ਸਦਾ ਪਛਾਣੀ।
ਜਿਉਂ ਵਿਚ ਦਿਸੇ ਸੁਰਨ, ਛਾਪ ਇਕ, ਜਿਉਂ ਲਹਿਰਾਂ ਵਿਚ ਪਾਣੀ, ਲਿਖੇ ਪਰਾਣੀ।
ਜਿਉਂ ਲਕੜੀ ਵਿਚ ਵੇਖਾਂ ਦਿਸਦੀ, ਕੜਛੀ ਤਾਕ ਮਧਾਣੀ, ਨਵੀਂ ਪੁਰਾਣੀ।
ਤਿਉਂ ਵਿਚ ਬਰਹਮ ਜਗਤ ਸਭ ਸੂਫੀ, ਕਲਪਣ ਗੱਲ ਸਿਆਣੀ, ਭਾਖਤ ਬਾਣੀ।੧੨੮।

www.AKJ.Org

# ਗੁਰਮਤਿ ਨਾਮ ਤੇ ਕ੍ਰਿਤਮ ਨਾਮ ਜਪਣਹਾਰਿਆਂ ਦੀ ਰਸਾਈ

[ਵਲੋਂ—ਗੁਰਪੁਰ ਵਾਸੀ ਭਾਈ ਸਾਹਿਬ ਰਣਧੀਰ ਸਿੰਘ ਜੀ]

## ੧. ਗੁਰਮਤਿ ਨਾਮ ਤੇ ਕ੍ਰਿਤਮ ਨਾਮ ਦਾ ਫਲ—

ਧ੍ਰਅ ਭਗਤ ਕਿਰਤਮ ਨਾਮ ਦੀ ਅਭਿਆਸ ਕਮਾਈ ਦੇ ਤੁਫ਼ੈਲ ਧ੍ਰਅ ਮੰਡਲੀ ਅਬਿਚਲ ਮੰਜ਼ਲੀ ਉਚਾਣ ਤਕ ਹੀ ਅਪੜ ਸਕੇ, ਸਚਖੰਡ ਤੋਂ ਉਰੇਡੇ ਹੀ ਰਹੇ।

ਜਿਹਾ ਕਿ:—ਨਉਨਿਧਿ ਠਾਕੁਰਿ ਦਈ ਸੁਦਾਮੈ,
ਧ੍ਰੂ ਅਟਲੁ ਅਜਹੂ ਨ ਟਰਿਓ ॥"
[ਮਾਰੂ ਨਾਮਦੇਵ ਜੀ,ਪੰਨਾ ੧੧੦੫

ਇਸੇ ਤਰ੍ਹਾਂ ਹੋਰ ਭਗਤ ਭੀ ਕ੍ਰਿਤਮ ਨਾਮ ਦੀ ਕਮਾਈ ਦੁਆਰਾ ਆਪਣੇ ਮਨੋਰਥ-ਮੇਅਰਾਜ ਤੇ ਵੱਧ ਤੋਂ ਵਧ ਕਰਮ ਖੰਡ ਤਕ ਪਹੁੰਚੇ, ਜੈਸਾ ਕਿ 'ਭਗਤ ਬਾਣੀ ਕਿਵੇਂ ਉਚਾਰਨ ਹੋਈ' ਵਾਲੇ ਲੇਖ ਵਿਚ ਲਿਖਿਆ ਜਾ ਚੁਕਾ ਹੈ। ਪ੍ਰੰਤੂ ਕਰਮ ਕਾਂਡ ਅਤੇ ਅਨਿਕ ਪ੍ਰਕਾਰੀ ਫ਼ਲਸਫੀਆਂ ਏਸ ਮੰਜ਼ਲ ਤਕ ਭੀ ਨਹੀਂ ਅਪੜਾ ਸਕਦੀਆਂ। ਜਿਸ ਮਰਕਜ਼ੀ ਨੀਸਾਣ ਨੂੰ ਮੁਖ ਰਖ ਕੇ ਕਿਰਤਮ ਨਾਮ ਦੇ ਕਮਾਵਣ-ਹਾਰੇ ਭਗਤੀ ਕਮਾਉਂਦੇ ਹਨ, ਕੇਵਲ ਉਸੇ ਮਨੋਰਥੀ-ਮੇਅਰਾਜ ਤਾਈਂ ਹੀ ਉਹ ਕਿਰਤਮ ਨਾਮ ਦੀ ਭਗਤਿ ਕਮਾਈ ਉਹਨਾਂ ਨੂੰ ਅਪੜਾ ਸਕਦੀ ਹੈ, ਪਰ ਸਚਖੰਡ ਦੇ ਨੇੜੇ ਨਹੀਂ ਲੈ ਜਾ ਸਕਦੀ। ਸਚਖੰਡ ਦੀ ਗੰਮਤਾ ਕੇਵਲ ਸਤਿਨਾਮ (ਗੁਰਮਤਿ ਨਾਮ) ਦੀ ਭਗਤ-ਕਮਾਈ ਕਰਕੇ ਹੀ ਸੰਭਵ ਹੈ। ਰਿੱਧੀਆਂ ਸਿੱਧੀਆਂ ਅਤੇ ਰਾਜ ਭਾਗ ਦੇ ਸੁਖ ਭੋਗਣ ਭੁੰਚਾਣ ਲਈ ਹੀ ਕਿਰਤਮ ਨਾਮ ਸਹਾਈ ਹੋ ਸਕਦਾ ਹੈ। ਗੁਰਮਤਿ-ਕਲਿਆਣ-ਆਦਸ਼ੀ-ਮੁਕਤਿ-ਮੰਜ਼ਲ ਕੇਵਲ ਗੁਰਮਤਿ ਨਾਮ ਗੁਰ-ਮੰਤ੍ਰ (ਸਤਿਨਾਮ) ਦੀ ਕਮਾਈ ਦੁਆਰਾ ਹੀ ਪ੍ਰਾਪਤ ਹੁੰਦੀ ਹੈ। ਕਿਰਤਮ ਨਾਮ ਦੇ ਕਮਾਉਣ-ਹਾਰਿਆਂ ਤੋਂ ਇਹ ਗੁਰਮਤਿ ਮੁਕਤਿ-ਮਾਰਗੀ-ਵਾਟ ਹੀ ਦੁਰਾਡੇ ਰਹਿ ਜਾਂਦੀ ਹੈ, ਇਸ ਪ੍ਰਥਾਇ ਸ੍ਰੀ ਦਸਮੇਸ਼ ਜੀ ਦੇ ਮੁਖਵਾਕ ਦਾ ਇਕੋ ਉਦਾਹਰਨੀ ਪ੍ਰਮਾਣ ਦੇਣਾ ਹੀ ਬਥੇਰਾ ਹੈ:—

ਸੋਰਠਾ—"ਰੁਦ੍ਰ ਭਗਤ ਜਗ ਮਾਹਿ, ਸੁਖ ਕੇ
ਦਿਵਸ ਸਦਾ ਭਰੇ ॥ ਮਰੈ ਫਿਰ ਆਵਹਿ ਜਾਹਿ,
ਫਲ ਕਿਛੁ ਲਹਿਤ ਨਾ ਮੁਕਤਿ ਕੋ ॥"

ਕਿਰਤਮ ਨਾਮ ਕੁਝ ਕਾਲ ਲਈ ਸੁਰਗ-ਬਹਿਸ਼ਤਾਂ ਦੇ ਮੰਡਲਾਂ ਦੀ ਸੁਖ-ਮੌਜ, ਕਲਿਆਣ ਭੀ ਭੁੰਚਾ ਸਕਦੇ ਹਨ; ਪਰ ਚਰਨ-ਕੰਵਲਾਂ ਦੀ ਮੌਜ ਦੇ ਅਭਿਲਾਖੀ, ਗੁਰਮਤਿ ਨਾਮ ਅਭਿਆਸੀ, ਸਤਿਨਾਮ ਦੇ ਉਪਾਸ਼ਕ ਮੁਕਤ ਬਪੁੜੀ ਦੇ ਭੀ ਵਪਾਰੀ ਨਹੀਂ ਬਣਦੇ। ਸੰਸਾਰਕ ਸੁਖਾਂ ਦੀ ਬਾਂਛਾ ਤਾਂ ਉਨ੍ਹਾਂ ਨੂੰ ਕੀ ਹੋਣੀ ਸੀ। ਸੁਤੇ ਸਿਧ ਹੀ ਉਨ੍ਹਾਂ ਨੂੰ ਸੰਸਾਰਕ ਸੁਖ ਪ੍ਰਾਪਤ ਹੋ ਆਵਣ ਤਾਂ ਨਿਸੰਗ ਹੋਇ ਆਵਣ, ਪਰ ਉਹ ਆਪ ਇਨ੍ਹਾਂ ਅਸਤਿ ਪਦਾਰਥਾਂ ਦੇ ਸੁਖਾਂ ਵਿਚ ਲੁਭਾਇਮਾਨ ਤੇ ਖੱਚਤ ਹੋ ਕੇ ਸਤਿ ਪਦਾਰਥੀ ਔਜ ਵਾਲੀ ਅਨਿੰਨ ਅਨੰਦੀ ਮੌਜ ਤੋਂ ਬੇ-ਮੌਜ ਨਹੀਂ ਹੁੰਦੇ, ਨਾ ਉਨ੍ਹਾਂ ਨੂੰ ਸੰਸਾਰਕ ਦੁੱਖਾਂ ਦੀ ਪ੍ਰਵਾਹ ਹੁੰਦੀ ਹੈ। ਦੁਖ ਉਹਨਾਂ ਨੂੰ ਪੋਂਹਦੇ ਹੀ ਨਹੀਂ। ਮਾਇਆਵੀ ਦੀਨ-ਦਰਿਦਰਤਾ ਦਾ ਦੁਖ ਉਨ੍ਹਾਂ ਨੂੰ ਸੁਖ ਸਮਾਨ ਹੀ ਪ੍ਰਤੀਤ ਹੁੰਦਾ ਹੈ। ਸਾਕਤ ਪੁਰਸ਼ਾਂ ਦੇ ਸੁਖਾਂ ਨਾਲੋਂ ਇਹ ਸੁਖ ਉਨ੍ਹਾਂ ਨੂੰ ਮਹਾਂ ਮੁਬਾਰਕ ਹਨ, ਕਿਉਂਕਿ ਇਹਨਾਂ ਦਾ ਅੰਤੀ ਫਲ ਜੋ ਸੁਖਦਾਈ ਹੈ। ਤਾਂ ਤੇ ਉਹ ਮਾਇਕ ਸੁਖਾਂ ਵਿਚ ਖੱਚਤ ਹੋਣ ਨਾਲੋਂ (ਜਿਨ੍ਹਾਂ ਵਿਚ ਖੱਚਤ ਹੋਣਾ ਵਾਸਤਵ ਵਿਚ ਦੁਖਦਾਈ ਹੈ) ਕੰਗਾਲਤਾ ਕਰਿ ਦੁਖੀ ਰਹਿਣਾ ਮਹਾਂ-ਸ੍ਰੇਸ਼ਟ ਸਮਝਦੇ ਹਨ। ਸੰਸਾਰੀਆਂ ਦੀ ਸੰਸਾਰਕ ਕਾਕ-ਦ੍ਰਿਸ਼ਟੀ ਅੰਦਰ ਤਾਂ ਉਹ ਮਹਾਂ ਦੁਖੀ ਹਨ, ਪਰ ਉਹ ਆਪਣੀ ਨਿਜੀ ਆਤਮੀ ਅਨੰਦ-ਬਿਵਸਥਾ ਵਿਚ ਮਗਨ ਹੋਣ ਕਰਕੇ, ਇਹਨਾਂ ਮਾਇਕ ਦੁਖਾਂ ਨੂੰ ਭੀ ਸੁਖਾਂ ਤੁਲ ਹੀ ਸਮਝਦੇ ਹਨ ਅਤੇ ਧਨਾਢਤਾ ਦੇ ਸੁਖ-ਭੋਗਾਂ ਨੂੰ ਰੋਗ ਰੂਪ ਜਾਣਦੇ ਹਨ। ਕੰਗਾਲਤਾ ਦੇ ਦੁਖਾਂ ਨੂੰ ਆਤਮ-ਸੁਖਾਂ ਦੀ ਸਿਧੀ ਵਾਲਾ ਦਾਰੂ ਦ੍ਰਿੜ੍ਹਦੇ ਹਨ, ਜੈਸਾ ਕਿ ਦਸਮੇਸ਼ ਮੁਖਵਾਕ ਹੈ:—

"ਸੁਨਿ ਭੂਪਤ ਯਾ ਜਗਤ ਮਹਿ, ਦੁਖੀ ਰਹਿਤ
ਹਰ ਸੰਤ ॥ ਅੰਤ ਲਹਿਤ ਹੈ ਮੁਕਤ ਫਲ,
ਪਾਵਤ ਹੈ ਭਗਵੰਤ ॥"

ਸਤਿਨਾਮ ਅਭਿਆਸੀ ਗੁਰਮਤਿ ਨਾਮ ਦੀ ਕਮਾਈ ਵਾਲੇ ਗੁਰਮੁਖ ਜਨਾਂ ਨੂੰ:—



www.AKJ.Org

"ਸੁਖੁ ਦੁਖੁ ਤੇਰੀ ਆਗਿਆ ਪਿਆਰੇ, ਦੂਜੀ ਨਾਹੀ ਜਾਇ ॥"
ਤਥਾ:—"ਜੇ ਸੁਖੁ ਦੇਹਿ ਤ ਤੁਝਹਿ ਅਰਾਧੀ, ਦੁਖਿ ਭੀ ਤੁਝੈ ਧਿਆਈ ॥"
ਦੇ ਗੁਰਵਾਕ ਵਾਲੀ ਸਮ-ਬਿਰਤ ਬਿਵਸਥਾ ਵਾਲਾ ਭਾਣਾ ਹੀ ਭਾਉਂਦਾ ਹੈ।

ਕਿਰਤਮ ਨਾਮਾਂ ਦੇ ਮਨ-ਉਕਤ ਜਾਪ, ਮਨ-ਉਕਤਿ ਭਾਵਨੀ ਅਨੁਸਾਰ, ਮਨ-ਉਕਤਿ ਕਿਰਤਮ ਮੰਡਲਾਂ ਅਰਥਾਤ ਕਿਰਤਮ ਨਾਮ ਦੇ ਉਪਾਸ਼ਯ ਮੰਡਲ ਸ਼ਿਵਪੁਰੀ, ਬ੍ਰਹਮਪੁਰੀ, ਇੰਦਰਪੁਰੀ ਆਦਿ ਦਾਇਰਿਆਂ ਅੰਦਰ ਹੀ ਮੁਕਤੀ ਦਾਇਕ ਹਨ, ਗੁਰਮਤਿ ਆਦਰਸ਼ਕ ਮੁਕਤੀ ਉਨ੍ਹਾਂ ਨੂੰ ਪ੍ਰਾਪਤ ਨਹੀਂ ਹੁੰਦੀ। ਇਹ ਕੇਵਲ ਸਤਿਨਾਮ ਗੁਰਮੰਤ੍ਰ ਦੀ ਅਭਿਆਸ ਕਮਾਈ ਕਰਕੇ ਹੀ ਪ੍ਰਾਪਤ ਹੋਣੀ ਸੰਭਵ ਹੈ। ਗੁਰਮਤਿ ਨਾਮ (ਗੁਰਮੰਤਰ) ਰੂਪੀ ਸਤਿਨਾਮ ਤੋਂ ਛੁਟ ਜਿਤਨੇ ਭੀ ਇਤਰ ਆਨ-ਮਤਾਂ ਦੇ ਉਕਤ-ਯੁਕਤੀ ਨਾਮ ਹਨ ਸਭ ਕਿਰਤਮ ਨਾਮ ਹਨ, ਤਿਨ੍ਹਾਂ ਦਾ ਜਾਪ ਅਕਸਰ ਮਨੋਰਥ-ਸਿੱਧੀ ਹਿਤ ਕੀਤਾ ਜਾਂਦਾ ਹੈ। ਸੋ ਕਈ ਵਾਰ ਜਾਪ ਕਰਨਹਾਰੇ ਨੂੰ ਉਲਟਾ ਭੀ ਪੈ ਜਾਂਦਾ ਹੈ। ਸਤਿਨਾਮ ਦਾ ਜਾਪ ਸਦਾ ਸੁਖਦਾਈ ਹੀ ਹੈ ਤੇ ਸੁਤੇ ਸਿਧ ਹੀ ਸਰਬ-ਇਛਾ-ਪੂਰਕ ਹੈ। ਸਤਿਨਾਮ ਦੇ ਜਾਪ ਦੀ ਮਹਿਮਾ ਗੁਰਬਾਣੀ ਨੇ ਅਨਿਕ ਪ੍ਰਕਾਰ ਗਾਈ ਹੈ। ਸਮੱਗਰ ਗੁਰਬਾਣੀ ਅੰਦਰ ਗੁਰਮਤਿ ਨਾਮ (ਗੁਰਮੰਤਰ) ਮਈ ਸਤਿਨਾਮ ਦੀ ਮਹਿਮਾ ਹੀ ਧੁਰੋ ਧੁਰ ਗਾਈ ਗਈ ਹੈ। ਕਿਰਤਮ ਨਾਮ ਦੀ ਤਾਂ ਮਹਿਮਾ ਹੀ ਕਿਤੇ ਨਹੀਂ, ਤਾਂ ਤੇ ਕਿਰਤਮ ਨਾਮ ਦਾ ਸਤਿਨਾਮ (ਗੁਰਮਤਿ ਨਾਮ) ਨਾਲ ਮੁਕਾਬਲਾ ਹੀ ਕੀ ? ਕ੍ਰਿਤਮ ਨਾਮ ਸਭ ਅਨਮਤੀਆਂ ਦੇ ਅਰਾਧਣ ਯੋਗ ਪੂਜਯ ਨਾਮ ਹੋਣ ਤਾਂ ਹੋਣ, ਪਰ ਗੁਰਮਤਿ ਅੰਦਰ ਕ੍ਰਿਤਮ ਨਾਮ ਦੇ ਅਰਾਧਬੇ ਕਉ ਕੋਈ ਥਾਉਂ ਨਹੀਂ, ਕਿਉਂਕਿ ਸਤਿਨਾਮ ਦੇ ਮੁਕਾਬਲੇ ਕਿਰਤਮ ਨਾਮ ਦੀ ਫਲਗੁਣੀ ਤੌਫ਼ੀਕ ਤੁਛ ਮਾਤਰ ਹੈ, ਜੈਸੇ ਕਿ ਭਾਈ ਗੁਰਦਾਸ ਜੀ ਦੇ ਹੇਠ ਲਿਖੇ ਦੋਹਾਂ ਮਹਾਂ ਵਾਕਾਂ ਤੋਂ ਸਿੱਧ ਹੈ:—

"ਸਿਮ੍ਰਿਤਿ ਪੁਰਾਨ ਕੋਟਾਨ ਬਖਾਨ ਬਹੁ ਭਾਗਵਤ ਬੇਦ ਬਿਆਕਰਣ ਗੀਤਾ ॥ ਸ਼ੇਸ ਮਰਜੇਸ ਅਖਲੇਸ ਸੁਰ ਮਹੇਸ ਮੁਨਿ ਜਗਤ ਅਰੁ ਭਗਤ ਸੁਰ ਨਰ ਅਤੀਤਾ ॥ ਗਯਾਨ ਅਰ ਧਯਾਨ ਉਨਮਾਨ ਉਨਮਨ ਉਕਤ ਰਾਗ ਅਰੁ ਨਾਦ ਸੁਰਗਤ ਅਨੀਤਾ ॥ ਅਰਧ ਲਗ ਮਾਤ੍ਰ ਗੁਰ ਸ਼ਬਦ ਅਖਰ ਮੇਕ ਅਗਮ ਅਤਿ ਅਗਮ ਅਗਾਧਿ ਮੀਤਾ ॥"

ਕਬਿਤ—"ਜਾ ਕੋ ਏਕ ਫਨਿ ਅਗਰਭਾਗ ਹੈ ਧਰਨ ਧਾਰੀ, ਤਾਹਿ ਗਿਰਧਰ ਕਹੈ ਕੌਨ ਸੀ ਬਡਾਈ ਹੈ ॥ ਜਾ ਕੋ ਏਕ ਬਾਵਰੋ ਹੂੰ ਵਿਸ਼੍ਵ ਨਾਥ ਨਾਮ ਕਹੈ, ਤਾਂਹਿ ਬ੍ਰਿਜਨਾਥ ਕਹੈ ਕੌਨ ਅਧਿਕਾਈ ਹੈ ॥ ਅਨਿਕ ਅਕਾਰ ਓਅੰਕਾਰ ਹੈ ਬਿਥਾਰ ਤਾਂਹਿ, ਨੰਦ ਕੋ ਨੰਦਨ ਕਹੈ ਕੌਨ ਪ੍ਰਭੁਤਾਈ ਹੈ ॥ ਜਾਨੈ ਉਸਤਤਿ ਔਰ ਕਰਤ ਹੈ ਨਿੰਦਾ ਮੂੜ੍ਹ, ਐਸੇ ਹੀ ਅਰਾਧਬੇ ਤੇ ਮੌਨ ਸੁਖਦਾਈ ਹੈ ॥"

ਤਾਂ ਤੇ ਸਿੱਧ ਹੋਇਆ ਕਿ ਕਿਰਤਮ ਨਾਮਾਂ ਦੇ ਜਾਪ, ਅਰਾਧਣ ਦਾ ਗੁਰਮਤਿ ਅੰਦਰ ਵਿਧਾਨ ਹੀ ਨਹੀਂ, ਫੇਰ ਉਨ੍ਹਾਂ ਦੀ ਸਤਿਨਾਮ ਨਾਲ ਤੁੱਲਤਾ ਹੀ ਕੀ? ਉਨ੍ਹਾਂ ਦੇ ਅਰਾਧਨ ਦੇ ਫਲ ਉਚਾਰਨ, ਉਸਤਤੌਣ ਨਾਲੋਂ ਮੌਨ ਹੀ ਸੁਖਦਾਈ ਹੈ, ਗੁਰਸਿੱਖਾਂ ਨੂੰ ਇਸ ਖਲਜਗਣ ਵਿਚ ਪੈਣਾ ਹੀ ਉਚਿਤ ਨਹੀਂ।

## ੨. ਗੁਰਮਤਿ ਨਾਮ—

ਗੁਰਸਿਖਾਂ ਦੇ ਜਪਣ ਜੋਗ ਜੋ ਸਤਿ ਪਦਾਰਥ ਗੁਰ-ਮੰਤਰ (ਸਤਿਨਾਮ ਅਥਵਾ ਗੁਰਮਤਿ ਨਾਮ) ਹੈ, ਉਸ ਬਾਰੇ ਭਾਈ ਗੁਰਦਾਸ ਜੀ ਇਉਂ ਫੁਰਮਾਉਂਦੇ ਹਨ:—

ਨਿਰੰਕਾਰ ਆਕਾਰ ਕਰਿ ਜੋਤਿ ਸਰੂਪ ਅਨੂਪ ਦਿਖਾਯਾ ॥ ਵੇਦ ਕਤੇਬ ਅਗੋਚਰ, ਵਾਹਿਗੁਰੂ ਗੁਰ ਸ਼ਬਦ ਸੁਣਾਯਾ ॥ ਚਾਰ ਵਰਨ ਚਾਰ ਮਜ਼ਹਬਾਂ ਚਰਣ ਕਵਲ ਸਰਨ ਗਤਿ ਆਯਾ ॥ ਪਾਰਸ ਪਰਸ ਅਪਰਸ ਜਗ, ਅਸਟ ਧਾਤ ਇਕ ਧਾਤ ਕਰਾਯਾ ॥ ਪੈਰੀ ਪਾਇ ਨਿਵਾਇਕੈ ਹਉਮੈ ਰੋਗ ਅਸਾਧ ਮਿਟਾਯਾ ॥ ਹੁਕਮ ਰਜਾਈ ਚਲਣਾ, ਗੁਰਮੁਖ ਗਾਡੀ ਗਹੁ ਚਲਾਯਾ ॥ ਪੂਰੇ ਪੂਰਾ ਥਾਟ ਬਣਾਯਾ ॥ (ਵਾਰ ੧੨, ਪਉੜੀ ੧੭)



www.AKJ.Org

ਨਾਰਾਇਣ ਨਿਜ ਰੂਪ ਧਰ, ਨਾਥਾ ਨਾਥ ਸਨਾਥ ਕਰਾਯਾ ॥ ਨਰਪਤ ਨਰਹਿ ਨਰਿੰਦ ਹੈ, ਨਿਰੰਕਾਰ ਆਕਾਰ ਬਣਾਯਾ ॥ ਕਰਤਾ ਪੁਰਖੁ ਵਖਾਣੀਐ, ਕਾਰਨ ਕਰਨ ਬਿਰਦ ਬਿਰਦਾਯਾ ॥ ਦੇਵੀ ਦੇਵ ਦੇਵਾਧਿ ਦੇਵ, ਅਲਖ ਅਭੇਵ ਨ ਅਲਖ ਲਖਾਯਾ ॥ ਸਤਿ ਰੂਪ ਸਤਿਨਾਮ ਕਰ, ਸਤਿਗੁਰ ਨਾਨਕ ਦੇਉ ਜਪਾਯਾ ॥ ਧਰਮਸਾਲ ਕਰਤਾਰ ਪੁਰ ਸਾਧ ਸੰਗਤ ਸਚਖੰਡ ਵਸਾਯਾ ॥ ਵਾਹਿਗੁਰੂ ਗੁਰ ਸ਼ਬਦ ਸੁਣਾਯਾ ॥

(ਵਾਰ ੨੪, ਪਉੜੀ ੧)

ਫੇਰ ਭਾਈ ਸਾਹਿਬ ਨੇ ਏਸ ਗੁਰਮੰਤਰ ਦੇ ਸਿਮਰਨ ਸਬੰਧੀ ਗੁਰਮਤਿ ਜੁਗਤੀ ਇਉਂ ਪ੍ਰਗਟਾਈ ਹੈ:—

ਕਬਿੱਤ—ਸਬਦ ਸੁਰਤ ਲਿਵਲੀਨ ਜਲਮੀਨ ਗਤਿ,
ਸੁਖਮਨਾ ਸੰਗਮ ਹੁਇ ਉਲਟ ਪਵਨ ਕੈ ॥
ਬਿਸਮ ਬਿਸ੍ਵਾਸ ਬਿਖੈ ਆਨਭੈ ਅਭ੍ਯਾਸ ਰਸ,
ਪ੍ਰੇਮ ਮਦੁ ਅਪਿਉ ਪੀਵੈ, ਗੁਹਜ ਗਵਨ ਕੈ ॥
ਸਬਦ ਕੈ ਅਨਹਦ ਸੁਰਤਿ ਕੈ, ਉਨਮਨੀ ਪ੍ਰੇਮ ਕੈ
ਨਿਝਰ ਧਾਰ ਸਹਜ ਰਵਨ ਕੈ ॥ ਤ੍ਰਿਕੁਟੀ
ਉਲੰਘਿ ਸੁਖ ਸਾਗਰ ਸੰਜੋਗ ਭੋਗ, ਦਸਮ ਸਥਲ
ਨਿਹਕੇਵਲ ਭਵਨ ਕੈ ॥੨੯੧॥

ਇਨ੍ਹਾਂ ਉਪਰੋਕਤ ਮਹਾਂ ਵਾਕਾਂ ਵਿਚ ਵਰਨਣ ਕੀਤੇ ਗੁਰਮੰਤਰ ਸਬੰਧੀ ਗੁਰਬਾਣੀ ਇਉਂ ਦ੍ਰਿੜ੍ਹਾਉਂਦੀ ਹੈ :—

ਹਰਿ ਕੇ ਜਨ ਸਤਿਗੁਰ ਸਤਿ ਪੁਰਖਾ, ਬਿਨਉ ਕਰਉ ਗੁਰ ਪਾਸਿ ॥ ਹਮ ਕੀਰੇ ਕਿਰਮ ਸਤਿਗੁਰ ਸਰਣਾਈ, ਕਰਿ ਦਇਆ ਨਾਮੁ ਪਰਗਾਸਿ ॥੧॥ ਮੇਰੇ ਮੀਤ ਗੁਰਦੇਵ, ਮੋਕਉ ਰਾਮ ਨਾਮੁ ਪਰਗਾਸਿ ॥ ਗੁਰਮਤਿ ਨਾਮੁ ਮੇਰਾ ਪ੍ਰਾਨ-ਸਖਾਈ, ਹਰਿ ਕੀਰਤਿ ਹਮਰੀ ਰਹਿਰਾਸਿ ॥੧॥ਰਹਾਉ॥ ਹਰਿ ਜਨ ਕੇ ਵਡ ਭਾਗ ਵਡੇਰੇ, ਜਿਨਿ ਹਰਿ ਹਰਿ ਸਰਧਾ ਹਰਿ ਪਿਆਸਿ ॥ ਹਰਿ ਹਰਿ ਨਾਮੁ ਮਿਲੈ ਤ੍ਰਿਪਤਾਸਹਿ, ਮਿਲਿ ਸੰਗਤਿ ਗੁਣ ਪਰਗਾਸਿ ॥ ੨ ॥ ਜਿਨ ਹਰਿ ਹਰਿ ਹਰਿ ਰਸੁ ਨਾਮੁ ਨ ਪਾਇਆ, ਤੇ ਭਾਗਹੀਣ ਜਮ ਪਾਸਿ ॥ ਜੋ ਸਤਿਗੁਰ ਸਰਣਿ ਸੰਗਤਿ ਨਹੀਂ ਆਏ, ਧ੍ਰਿਗੁ ਜੀਵੇ ਧ੍ਰਿਗੁ ਜੀਵਾਸਿ ॥ ॥ ਜਿਨ ਹਰਿਜਨ ਸਤਿਗੁਰ ਸੰਗਤਿ ਪਾਈ, ਤਿਨ ਧੁਰਿ ਮਸਤਕਿ ਲਿਖਿਆ ਲਿਖਾਸਿ ॥ ਧਨੁ ਧੰਨੁ ਸਤਸੰਗਤਿ ਜਿਤੁ ਹਰਿ ਰਸੁ ਪਾਇਆ, ਮਿਲਿ ਜਨ ਨਾਨਕ ਨਾਮੁ ਪਰਗਾਸਿ ॥੪॥੪॥

[ਗੂਜਰੀ ਮਹਲਾ ੪

## ੩. ਆਮ ਭੁਲੇਖਾ—

ਗੁਰਮਤਿ ਨਾਮ ਗੁਰਮੰਤ੍ਰ ਤੋਂ ਸੂਨ (ਸੁੰਨੇ) ਬਹੁਤ ਸਾਰੇ ਸੂਧੇ ਸਿਖਾਂ ਨੂੰ ਇਹ ਭੁਲੇਖਾ ਲਗਾ ਹੋਇਆ ਹੈ ਕਿ ਗੁਰਬਾਣੀ ਅੰਦਰ ਜਿਥੇ ਜਿਥੇ "ਰਾਮ ਨਾਮੁ" ਤੇ "ਹਰਿ ਹਰਿ ਨਾਮੁ" ਆਖ ਕੇ ਮਹਿਮਾ ਗਾਈ ਗਈ ਹੈ, ਇਹ ਉਕਤ ਅੱਖਰਾਂ ਵਾਲੇ ਨਾਮਾਂ ਦੀ ਹੀ ਵਡਿਆਈ ਹੈ। ਅਤੇ ਇਹ ਅੱਖਰ ਉਨ੍ਹਾਂ ਦੇ ਖ਼ਿਆਲ ਵਿਚ ਅਨੇਕ ਪ੍ਰਕਾਰੀ ਕਿਰਤਮ ਨਾਮਾਂ ਪ੍ਰਥਾਇ ਹੀ ਘਟਦੇ ਹਨ। ਇਹ ਉਨ੍ਹਾਂ ਦਾ ਐਸਾ ਖ਼ਿਆਲ ਕਰਨਾ ਮਹਾਂ ਭੁੱਲ ਹੈ। ਉਕਤ ਅੱਖਰਾਂ ਵਾਲੇ "ਹਰਿ ਹਰਿ ਨਾਮੁ" ਤੇ "ਰਾਮ ਨਾਮੁ" ਗੁਰਬਾਣੀ ਅੰਦਰ ਸਤਿਨਾਮ ਗੁਰਮੰਤਰ ਦੀ ਮਹਿਮਾ ਦੇ ਲਖਾਇਕ ਤੇ ਸਤਿਨਾਮ ਦੀ ਸੂਚਨਾ ਦੇ ਹੀ ਦ੍ਰਿੜ੍ਹਾਇਕ ਹਨ। ਆਨ-ਮਤਾਂ ਦੇ ਕ੍ਰਿਤਮ ਨਾਮ ਜੋ ਵਿਰਦ ਲਈ (ਲੋਕਾਂ ਦੇ ਰਟਣ ਲਈ) ਆਨ-ਮਤਾਂ ਦੇ ਅਚਾਰਯਾਂ ਵਲੋਂ ਦਸੇ ਦ੍ਰਿੜ੍ਹਾਏ ਜਾਂਦੇ ਹਨ, ਉਹ ਗੁਰਮਤਿ ਅੰਦਰ ਤੱਤ-ਕਲਿਆਣਕਾਰੀ ਨਹੀਂ। ਜੈਸਾ ਕਿ ਸ੍ਰੀ ਦਸਮੇਸ਼ ਜੀ ਦੇ ਇਸ ਮੁਖ ਵਾਕ ਤੋਂ ਸੂਚਤ ਹੁੰਦਾ ਹੈ:—

"ਰਾਮ ਰਹੀਮ ਉਬਾਰ ਨ ਸਕਹੈ, ਜਾਕਰ ਨਾਮ ਰਟੈ ਹੈਂ ॥"

['ਗੁਰਮਤਿ ਲੇਖ' ਪੁਸਤਕ ਵਿਚੋਂ



www.AKJ.Org

# ਆਤਮਕ ਲੋੜਾਂ

[ਵਲੋਂ—ਪ੍ਰਿੰਸੀਪਲ ਨਿਰੰਜਨ ਸਿੰਘ ਜੀ, ਦਿੱਲੀ]

ਸਰੀਰ ਦਾ ਚਾਲਕ ਮਨ ਹੈ ਅਤੇ ਮਨ ਦਾ ਜੀਵਨ-ਦਾਤਾ ਆਤਮਾ । ਮਹਾਂ ਪੁਰਸ਼ਾਂ ਦੀ ਬਾਣੀ ਪੜ੍ਹਨੀ ਜਾਂ ਸੁਣਨੀ ਅਤੇ ਖ਼ਾਸ ਕਰਕੇ ਅੰਮ੍ਰਿਤ ਵੇਲੇ ਕੀਰਤਨ ਸੁਣਨਾ ਇਕ ਵਾਰੀ ਤਾਂ ਇਨਸਾਨੀ ਸਪਿਰਟ ਨੂੰ ਉਚੇ ਮੰਡਲਾਂ ਵਿਚ ਪਹੁੰਚਾ ਦੇਂਦਾ ਹੈ, ਪਰ ਤਾਂ, ਜੇ ਪੜ੍ਹਨ ਸੁਣਨ ਅਤੇ ਕੀਰਤਨ ਕਰਨ ਵਾਲੇ ਆਤਮ-ਅਨੰਦ ਦੇ ਪਾਤਰ ਹੋਣ। ਕੇਵਲ ਸ਼ਰਹ ਪੂਰੀ ਕਰਨ ਵਾਲਿਆਂ ਤਮਾਸ਼ਬੀਨਾਂ ਲਈ ਇਹੋ ਜਿਹੀ ਸੰਗਤ ਵਿਚ ਕੋਈ ਅਸਥਾਨ ਨਹੀਂ ।......

ਆਤਮਕ ਮੰਡਲਾਂ ਵਲ ਮੂੰਹ ਕੀਤਿਆਂ ਹੀ ਇਨਸਾਨੀ ਜੀਵਨ ਵਿਚ ਕੁਝ ਤਬਦੀਲੀਆਂ ਸ਼ੁਰੂ ਹੋ ਜਾਂਦੀਆਂ ਹਨ ਅਤੇ ਫਿਰ ਦਿਨੋ ਦਿਨ ਇਹ ਡੂੰਘੀਆਂ ਹੁੰਦੀਆਂ ਜਾਂਦੀਆਂ ਹਨ ਅਤੇ ਅੰਤ ਨੂੰ ਦਿਬ-ਦ੍ਰਿਸ਼ਟੀ ਦੀ ਮੰਜ਼ਲ ਦਾ ਪ੍ਰਕਾਸ਼ ਹੁੰਦਾ ਹੈ। ਪਹਿਲੀ ਤਬਦੀਲੀ ਤਾਂ ਇਹ ਹੁੰਦੀ ਹੈ ਕਿ ਇਨਸਾਨ ਗੱਪ ਗਪੋੜੇ ਮਾਰਨ, ਨਿੰਦਿਆ ਬਖ਼ੀਲੀ ਅਤੇ ਨੁਕਤਾਚੀਨੀ ਤੋਂ ਸੰਕੋਚ ਕਰਨ ਲਗ ਪੈਂਦਾ ਹੈ ਤੇ ਇਕਾਂਤ ਨੂੰ ਪਸੰਦ ਕਰਦਾ ਹੈ, ਜਿਸ ਵਿਚ ਉਹ ਹਿਰਦੇ ਦੀਆਂ ਡੂੰਘਾਈਆਂ ਵਿਚ ਚੁੱਭੀਆਂ ਮਾਰਦਾ ਹੈ । ਦੂਜੀ ਤਬਦੀਲੀ ਇਹ ਹੁੰਦੀ ਹੈ ਕਿ ਆਮ ਵਿਸ਼ਿਆਂ ਤੇ ਭੋਗਾਂ ਦੇ ਰਸ, ਅਤੇ ਮਾਣ ਵਡਿਆਈ ਦਾ ਨਸ਼ਾ ਕੁਝ ਫਿਕੇ ਫਿਕੇ ਲਗਣ ਲਗ ਪੈਂਦੇ ਹਨ । ਤੀਜੀ ਤਬਦੀਲੀ ਵਿਹਾਰ ਵਿਚ ਹੁੰਦੀ ਹੈ । ਜੋ ਕੰਮ ਭੀ ਉਹ ਕਰਦਾ ਹੈ ਉਹ ਗੁਰੂ ਦੀ ਸੇਵਾ ਸਮਝ ਕੇ ਪੂਰੇ ਤ੍ਰਾਣ ਨਾਲ ਕਰਦਾ ਹੈ ਅਤੇ ਚਲਾਕੀ, ਬੇਈਮਾਨੀ, ਧੋਖਾ ਆਦਿਕ ਉਸ ਦੇ ਨੇੜੇ ਭੀ ਨਹੀਂ ਟਪਕਦੇ । ਜਿਹੜੇ ਲੋਕ ਵੋਟਾਂ ਬਣਵਾ ਬਣਵਾ ਕੇ ਅਤੇ ਹੋਰ ਰਾਜਸੀ ਤਰੀਕੇ ਵਰਤ ਵਰਤ ਕੇ ਗੁਰਦਵਾਰੇ ਦੇ ਪ੍ਰਧਾਨ ਅਤੇ ਸਕੱਤਰ ਬਣਦੇ ਹਨ ਉਹ, ਯਕੀਨ ਜਾਣੋ, ਗੁਰੂ ਨਾਨਕ ਦੇ ਰਾਹ ਤੇ ਨਹੀਂ ਚਲ ਰਹੇ । ਗੁਰੂ ਨਾਨਕ ਦਾ ਮਾਰਗ ਹੈ ਦੇਣਾ ਹੀ ਦੇਣਾ, ਅਤੇ ਇਨ੍ਹਾਂ ਦਾ ਰਾਹ ਹੈ ਲੈਣਾ ਹੀ ਲੈਣਾ ।

ਪਹਿਲਾ ਮਰਣੁ ਕਬੂਲਿ, ਜੀਵਣ ਕੀ ਛਡਿ
ਆਸ ॥ ਹੋਹੁ ਸਭਨਾ ਕੀ ਰੇਣੁਕਾ, ਤਉ ਆਉ
ਹਮਾਰੈ ਪਾਸਿ ॥

ਅਪਣੱਤ ਨੂੰ ਖ਼ਤਮ ਕਰਨਾ ਹੀ ਆਤਮਕ ਜੀਵਨ ਹੈ, ਜੇ ਭੋਗਾਂ ਦੀ ਲਾਲਸਾ ਜਾਂ ਮਾਣ-ਵਡਿਆਈ ਦਾ ਲਾਲਚ ਵਧਦਾ ਜਾਏ ਤਾਂ ਇਹ ਪਸ਼ੂ-ਜੀਵਨ ਵਲ ਜਾਣਾ ਹੈ, ਨਾ ਕਿ ਗੁਰੂ ਨਾਨਕ ਦੀ ਸਿੱਖੀ ਵਲ ।

---

# ਓ ਸਾਕੀ ! ਭਰ ਦੇ ਪਿਆਲਾ

[ਪਹਿਲੇ ਸਫ਼ੇ ਤੇ ਦਿਤੀ ਫ਼ਾਰਸੀ ਗਜ਼ਲ ਦਾ ਪੰਜਾਬੀ ਅਨੁਵਾਦ]

ਓ ਸਾਕੀ ! ਭਰ ਦੇ ਪਿਆਲਾ, ਰੂਹ ਨੂੰ ਰੰਗਣ ਵਾਲਾ ।
ਨਜ਼ਰ ਪਵਿੱਤਰ ਸੁੱਟ ਮੇਰੇ ਤੇ, ਜੀਵਨ ਹੋਇ ਸੁਖਾਲਾ ॥੧॥
ਸੁਹਣੇ ਦੇ ਰਾਹ ਅੰਦਰ ਸਾਨੂੰ, ਖ਼ੁਸ਼ੀਆਂ ਤੇ ਸੁਖ ਸਾਰੇ ।
ਬੰਨ੍ਹੀਏ ਕਿਧਰ ਕਚਾਵੇ ਐਵੇਂ; ਕਿਉਂ ਘੜਿਆਲ ਪੁਕਾਰੇ ॥੨॥
ਹਰ ਵੇਲੇ ਉਹ ਹਾਜ਼ਰ ਨਾਜ਼ਰ, ਉਸ ਦੇ ਕਰੋ ਦੀਦਾਰੇ ।
ਨਾ ਕੋਈ ਉਸ ਦੇ ਰਾਹ ਵਿਚ ਕੱਪਰ, ਨਾ ਕੋਈ ਵਹਿਣ ਕਿਨਾਰੇ ॥੩॥
ਹੇ ਦਿਲ ! ਕਿਉਂ ਅਕਾਰਥ ਐਵੇਂ, ਜੰਗਲ ਬੇਲੇ ਗਾਹਵੇਂ,
ਜਦ ਕਿ ਦਿਲਬਰ ਨੇ ਘਰ ਕੀਤਾ, ਹਰ ਨੈਨੀਂ ਹਰ ਥਾਵੇਂ ॥੪॥
ਜਦ ਕਿ ਹਰ ਹਰ ਥਾਵੇਂ ਵੱਜਦਾ, ਉਹ ਪਾਵਨ ਹਰ-ਥਾਵਾਂ ।
ਦਸ 'ਗੋਇਆ' ਫਿਰ ਵਸਦੀ ਦੁਨੀਆ, ਛੱਡ ਔਝੜ ਕਿਉਂ ਜਾਵਾਂ ॥੫॥

[ਸ: ਵਿਧਾਤਾ ਸਿੰਘ ਜੀ 'ਤੀਰ'



www.AKJ.Org

# ਬਰਛਾ ਬੋਲਿਆ

[ਵਲੋਂ—ਪ੍ਰਿੰਸੀਪਲ ਸੁਜਾਨ ਸਿੰਘ ਜੀ, ਗੁਰਦਾਸਪੁਰ]

ਅੱਠ ਕੋਨੇ ਥੜ੍ਹੇ ਤੇ ਮਖ਼ਮਲੀ ਆਸਣ ਵਿਛਿਆ ਹੋਇਆ ਸੀ। ਉਸ ਉਪਰ ਸ਼ਸਤਰ ਬਿਸ੍ਰਾਮ ਕਰ ਰਹੇ ਸਨ। ਮੈਂ ਉਹਨਾਂ ਵੱਲ ਬੜੀ ਸ਼ਰਧਾ ਨਾਲ ਦੇਖ ਰਿਹਾ ਸਾਂ। ਇਨ੍ਹਾਂ ਬਾਰੇ ਜਾਨਣ ਦੀ ਤੀਬਰ ਇੱਛਿਆ ਮੇਰੇ ਮਨ ਵਿਚ ਸੀ। ਪਰ ਲਾਗੇ-ਸ਼ਾਗੇ ਕੋਈ ਦਿਸ ਨਹੀਂ ਸੀ ਰਿਹਾ। 'ਕੀ ਸ਼ਸਤਰ ਆਪ ਆਪਣੀ ਕਹਾਣੀ ਨਹੀਂ ਦੱਸ ਸਕਦੇ ?' ਇਹ ਸਵਾਲ ਮੇਰੇ ਮਨ ਵਿਚ ਪੈਦਾ ਹੋਇਆ ਹੀ ਸੀ ਕਿ ਇਕ ਅਸਚਰਜ ਕੌਤਕ ਹੋਇਆ। ਸ਼ਸਤਰਾਂ ਵਿਚੋਂ ਕਰੜੀ ਪਰ ਲਚਕਦਾਰ ਲਕੜੀ ਦੀ ਮੁੱਠ ਵਾਲਾ ਅਤੇ ਹੱਥ ਲੰਮੇ, ਚੌੜੇ ਤੇ ਨੁਕੀਲੇ ਫਲ ਵਾਲਾ ਬਰਛਾ ਵਿਚਕਾਹਿਓਂ ਉਠ ਖਲੋਤਾ, ਜਿਵੇਂ ਆਪਣੇ ਉੱਦਮ ਨਾਲ ਕੋਈ ਲੰਮਾ ਪਿਆ ਉਠਦਾ ਹੈ! ਫਲ ਉਪਰ ਵੱਲ ਉਹ ਸਿੱਧਾ ਸਾਵਧਾਨ ਅਵਸਥਾ ਵਿਚ ਖਲੋ ਗਿਆ, ਜਿਵੇਂ ਕੋਈ ਸਿੱਖਿਆ ਹੋਇਆ ਫ਼ੌਜੀ ਹੋਵੇ। ਆਸਣ-ਅਸਥਾਨ ਵਿਚੋਂ ਅਵਾਜ਼ ਗੂੰਜੀ, "ਮੈਂ ਬਰਛਾ ਹਾਂ!" ਮੈਂ ਅਸਚਰਜ-ਚਕ੍ਰਿਤ ਹੋਏ ਹੋਏ ਨੇ ਮਨ ਵਿਚ ਹੀ ਸੋਚਿਆ, "ਇਹ ਅਵਾਜ਼ ਕਿਥੋਂ ਆ ਰਹੀ ਹੈ! ਬੰਦਾ-ਪਰਿੰਦਾ ਇਥੇ ਹੈ ਕੋਈ ਨਹੀਂ! ਅਵਾਜ਼ ਗੂੰਜਵੀਂ ਤੇ ਹੈ, ਪਰ ਸਪੱਸ਼ਟ ਵੀ ਬੜੀ ਹੈ। ਕੀ ਸੱਚ-ਮੁੱਚ ਬਰਛਾ ਤੇ ਨਹੀਂ ਬੋਲ ਰਿਹਾ ?"

ਹੁਣ ਅਵਾਜ਼ ਹੋਰ ਸਾਫ਼ ਹੋ ਕੇ ਬਰਛੇ ਦੇ ਫਲ ਲਾਗੋਂ ਆਈ, ਜਿਵੇਂ ਫਲ ਬਰਛੇ ਦੀ ਜੀਭ ਹੋਵੇ। ਬਰਛਾ ਬੋਲਿਆ, "ਭਾਈ, ਮੈਂ ਹੀ ਬੋਲ ਰਿਹਾ ਹਾਂ। ਮੈਨੂੰ ਮਾਣ ਹੈ ਕਿ ਮੈਂ ਕੋਈ ਆਮ ਬਰਛਾ ਨਹੀਂ। ਮੈਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਪਿਆਰ ਪਰਾਪਤ ਰਿਹਾ ਹੈ। ਮੈਂ ਉਨ੍ਹਾਂ ਦੇ ਹੱਥਾਂ ਵਿਚ ਖੇਲ੍ਹਿਆ ਹਾਂ।"

ਮੇਰੇ ਦਿਲ ਵਿਚ ਬਰਛੇ ਦੀ ਸਾਰੀ ਕਹਾਣੀ ਇਸ ਬੋਲਣ ਵਾਲੇ ਬਰਛੇ ਤੋਂ ਜਾਨਣ ਦੀ ਤੀਬਰ ਇੱਛਿਆ ਤਾਂ ਅਗੇ ਹੀ ਸੀ, ਜੋ ਅਤਿ ਤੀਬਰ ਹੋ ਗਈ।

ਬਰਛੇ ਨੇ ਫੇਰ ਬੋਲਣਾ ਸ਼ੁਰੂ ਕਰ ਦਿਤਾ, "ਭਾਈ ਸਿੱਖਾ! ਮੇਰਾ ਫਲ ਇਸ ਦੇਸ ਵਿਚ ਨਹੀਂ ਬਣਿਆ। ਮੇਰੇ ਫਲ ਨੂੰ ਇਹ ਪਦਵੀ ਪਰਾਪਤ ਕਰਨ ਲਈ ਬਹੁਤ ਵਾਰੀ ਤਪਣਾ ਪਿਆ ਤੇ ਮੇਰਾ ਰਚਣਹਾਰ ਲੋਹਕਾਰ ਹਰ ਵਾਰੀ ਤਪ ਕੇ ਲਾਲ ਹੋ ਜਾਣ ਪਿਛੋਂ ਸੈਂਕੜੇ ਵਦਾਣੀ ਸੱਟਾਂ ਮੇਰੇ ਤੇ ਮਰਵਾਉਂਦਾ ਸੀ। ਉਸ ਨੇ ਮੈਨੂੰ ਤਪਾਉਣਾ ਤੇ ਸੱਟਾਂ ਮਾਰਨੀਆਂ ਉੱਨਾ ਚਿਰ ਨਾ ਛੱਡੀਆਂ ਜਦ ਤਕ ਮੇਰੇ ਨਾਲੋਂ ਮਨੂਰ ਝੜਨਾ ਬਿਲਕੁਲ ਬੰਦ ਨਾ ਹੋ ਗਿਆ। ਵਦਾਣੀਆ ਕਾਰੀਗਰ ਨੂੰ ਪੁਛਣ ਲਗਾ, 'ਉਸਤਾਦ ਜੀ, ਕਈ ਦਿਨਾਂ ਤੋਂ ਇਸ ਲੋਹੇ ਨੂੰ ਕੁੱਟਦੇ ਮਰ ਲੱਥੇ ਹਾਂ। ਅਗੇ ਤਾਂ ਕਿਸੇ ਹਥਿਆਰ ਤੇ ਤੁਸਾਂ ਕਦੇ ਏਨੀ ਮਿਹਨਤ ਨਹੀਂ ਕੀਤੀ ?' ਕਾਰੀਗਰ ਨੇ ਕਿਹਾ, 'ਇਸ ਲੋਹੇ ਨੂੰ ਮੈਂ ਲੋਹਾ ਕੱਟਣ ਵਾਲਾ ਲੋਹਾ ਬਣਾਉਣਾ ਹੈ। ਇਸ ਤੋਂ ਇਕ ਬਰਛੇ ਦਾ ਫਲ ਬਣੇਗਾ ਤੇ ਨਾਲੇ ਇਕ ਸਰਬ ਲੋਹ ਦੀ ਨਾਗਣੀ। ਨਾਗਣੀ ਦਾ ਦਸਤਾ ਵੀ ਇਸੇ ਲੋਹੇ ਦਾ ਹੋਵੇਗਾ ਤੇ ਫਲ ਨਾਗਣੀ ਵਾਂਗ ਵਲਦਾਰ ਤੇ ਤਿੱਖਾ। ਇਹ ਦੋਵੇਂ ਚੀਜ਼ਾਂ ਮੈਂ ਆਪਣੀ ਜ਼ਿੰਦਗੀ ਦੀਆਂ ਸਭ ਤੋਂ ਵਧੀਆ ਕਿਰਤਾਂ ਦੇ ਰੂਪ ਵਿਚ ਘੜਨਾ ਚਾਹੁੰਦਾ ਹਾਂ। ਇਹ ਫਲ ਮਹਾਂ ਬਲੀ ਜੋਧਿਆਂ ਦੇ ਜ਼ੋਰ ਨਾਲ ਲੋਹੇ ਦੀਆਂ ਮੋਟੀਆਂ ਢਾਲਾਂ ਵਿਚੋਂ ਲੰਘ ਜਾਣ ਵਾਲੇ ਹੋਣਗੇ। ਹਿੰਦੁਸਤਾਨ ਦੇ, ਇਕ ਕਾਬਲ ਵਿਚ ਵੱਸਦੇ ਵਪਾਰੀ ਮੁਰੀਦ ਨੇ, ਆਪਣੇ ਪੀਰ ਗੁਰੂ ਨੂੰ ਇਹ ਪੰਜਾਬ ਵਿਚ ਲਿਜਾ ਕੇ ਭੇਟਾ ਕਰਨੇ ਹਨ। ਉਹ ਮੈਨੂੰ ਪਹਿਲੋਂ ਐਨੀਆਂ ਅਸ਼ਰਫ਼ੀਆਂ ਦੇ ਗਿਆ ਹੈ ਜੋ ਇਨ੍ਹਾਂ ਦੇ ਮੁੱਲ ਤੋਂ ਕਿਤੇ ਜ਼ਿਆਦਾ ਹਨ, ਪਰ ਉਹ ਕਹਿੰਦਾ ਸੀ ਕਿ ਜੇ ਮੇਰੇ ਗੁਰੂ ਜੀ ਇਸ ਭੇਟਾ ਨਾਲ ਪਰਸੰਨ ਹੋ ਗਏ ਤਾਂ ਮੈਂ ਤੈਨੂੰ ਹੋਰ ਅਸ਼ਰਫ਼ੀਆਂ ਦੇਵਾਂਗਾ। ਕੁਰਬਾਨ ਜਾਈਏ ਐਸੇ ਪਿਆਰ ਦੇ! ਐਸੇ ਮੁਰੀਦ ਦੇ ਪੀਰ ਦਾ ਕੰਮ ਮੈਂ ਈਮਾਨਦਾਰੀ ਤੋਂ ਵੀ ਵਧ ਪਿਆਰ ਨਾਲ ਕਰ ਰਿਹਾ ਹਾਂ। ਵਦਾਣੀਏ ਨੇ ਮੁੜ ਕੇ ਕੋਈ ਹੀਲ-ਹੁਜਤ ਨਾ ਕੀਤੀ। ਜਿਵੇਂ ਕਾਰੀ-ਗਰ ਹੁਕਮ ਕਰਦਾ ਤਿਵੇਂ ਉਹ ਕਰੀ ਜਾਂਦਾ, ਜਿਵੇਂ ਪੀਰ ਦੇ ਮੁਰੀਦ ਦੇ ਕਾਰੀਗਰ ਰਾਹੀਂ ਉਸ ਨੂੰ ਵੀ ਪੀਰ ਨਾਲ ਉਨਸ ਹੋ ਗਈ ਹੋਵੇ। ਕਈ ਦਿਨਾਂ ਵਿਚ ਜਿਹੜਾ ਲੋਹਾ



www.AKJ.Org

ਸ਼ੁੱਧ ਹੋਇਆ ਸੀ ਉਸ ਨੂੰ ਕਈ ਦਿਨ ਸ਼ਕਲ ਦਿੰਦਿਆਂ ਲਗ ਗਏ ਤੇ ਫੇਰ ਕਈ ਤਰ੍ਹਾਂ ਦੀਆਂ ਔਖਧੀਆਂ ਘੋਲ ਘੋਲ ਕੇ ਉਨ੍ਹਾਂ ਵਿਚ ਮੈਨੂੰ ਤੇ ਮੇਰੀ ਭੈਣ ਨਾਗਣੀ ਨੂੰ, ਜਿਹੜੀ ਮੇਰੇ ਲਾਗੇ ਹੀ ਲੇਟੀ ਹੋਈ ਹੈ, ਕਈ ਕਈ ਵਾਰੀ ਡੋਬ ਡੋਬ ਕੇ ਬੁਝਾਇਆ ਗਿਆ, ਜਿਸ ਨਾਲ ਕਰੜਾਈ ਵਿਚ ਹੋਰ ਸਖਤਾਈ ਤੇ ਲਿਸ਼ਕ ਆ ਗਈ । ਵਧੇਰੇ ਚਮਕ ਤੇ ਵਾਢ ਦੇਣ ਲਈ ਸਭ ਤੋਂ ਵੱਡੇ ਤੇ ਸਿਆਣੇ ਸਿਕਲੀਗਰ ਨੂੰ ਕੰਮ ਸੌਂਪਿਆ ਗਿਆ। ਸਾਨੂੰ ਟੁਣਕਾ ਕੇ ਉਹ ਵਾਹ ਵਾਹ ਕਰ ਉੱਠਿਆ। ਉਸ ਨੇ ਵੀ ਕਮਾਲ ਉਤੇ ਕਮਾਲ ਕਰ ਦਿਖਾਇਆ। ਫੇਰ ਸ਼ਹਿਰ ਦੇ ਸਭ ਤੋਂ ਸਿਆਣੇ ਤਰਖਾਣ ਨੂੰ ਸੱਦ ਕੇ ਮੇਰੇ ਲਈ ਦਸਤੇ ਦਾ ਕੰਮ ਸੌਂਪਿਆ । ਲੁਹਾਰ ਤੇ ਸਿਕਲੀਗਰ ਦਾ ਕੰਮ ਦੇਖ ਕੇ ਤਰਖਾਣ ਅਸ਼ ਅਸ਼ ਕਰ ਉਠਿਆ । ਕਈ ਦਿਨ ਉਸ ਨੇ ਮੇਰੇ ਦਸਤੇ ਲਈ ਲਕੜੀ ਲੱਭਦਿਆਂ ਲਾਏ । ਉਹ ਲਕੜ ਚਾਹੁੰਦਾ ਸੀ ਜਿਹੜੀ ਸਖਤ ਹੋਣ ਦੇ ਨਾਲ ਲਚਕਦਾਰ ਵੀ ਹੋਵੇ। ਆਪਣੀ ਤਸੱਲੀ ਦੀ ਲਕੜ ਲੱਭ ਕੇ ਉਸ, ਦੋ ਪਹਿਲੇ ਕਾਰੀਗਰਾਂ ਦੀ ਕਾਰੀਗਰੀ ਤੇ ਫੁੱਲ ਚੜ੍ਹਾਉਣ ਲਈ ਬੜੀ ਮਿਹਨਤ ਕੀਤੀ, ਮੇਰੇ ਦਸਤੇ ਨੂੰ ਤਛਿਆ, ਘੜਿਆ, ਰੰਦਿਆ ਤੇ ਖਰਾਦਿਆ। ਕਾਬਲੀ ਸਿਖ ਸਾਨੂੰ ਦੋਂਹ ਨੂੰ ਦੇਖ ਕੇ ਬੜਾ ਖ਼ੁਸ਼ ਹੋਇਆ। ਪਰ ਕਹਿਣ ਲੱਗਾ, 'ਜੇ ਸਤਿਗੁਰੂ ਕਲਗੀਧਰ ਇਸ ਭੇਟਾ ਨੂੰ ਪਰਵਾਨ ਕਰ ਲੈਣ ਤਾਂ ਮੈਂ ਆਪਨੇ ਉੱਚੇ ਭਾਗ ਸਮਝਾਂ।'

"ਕੁਝ ਦਿਨ ਪਾ ਕੇ ਇਹ ਸਿਖ ਸ਼ਾਹੀ ਸੈਨਾ ਦੀ ਰਖਿਆ ਵਿਚ ਆਉਂਦੇ ਕਾਫ਼ਲੇ ਨਾਲ ਖ਼ੈਬਰ ਵਿਚੋਂ ਲੰਘ ਕੇ ਪਿਸ਼ਾਵਰ ਪਹੁੰਚ ਗਿਆ । ਇਥੋਂ ਸੰਗਤਾਂ ਅਨੰਦਪੁਰ ਵਾਸਤੇ ਤਿਆਰ ਹੋ ਰਹੀਆਂ ਸਨ । ਉਨ੍ਹਾਂ ਨਾਲ ਰਲ ਕੇ ਇਹ ਸਿਖ ਘੋੜਿਆਂ ਤੇ ਸ਼ਸਤਰਾਂ ਦੀ ਭੇਟਾ ਲੈ ਕੇ ਮੰਜ਼ਲਾਂ ਮਾਰਦਾ ਸਤਿਗੁਰੂ ਜੀ ਦੇ ਦਰਬਾਰ ਵਿਚ ਹਾਜ਼ਰ ਹੋਇਆ । ਸਤਿਗੁਰਾਂ ਦੀ ਆਯੂ ਓਦੋਂ ਮਸੀਂ ਚੌਦ੍ਹਾਂ ਪੰਦਰ੍ਹਾਂ ਬਰਸਾਂ ਦੀ ਸੀ। ਹਾਲੀਂ ਮਸ ਵੀ ਨਹੀਂ ਸੀ ਫੁੱਟੀ। ਸਤਿਗੁਰਾਂ ਦਾ ਸਰੀਰ ਭਾਵੇਂ ਭਾਰਾ ਨਹੀਂ ਸੀ, ਪਰ ਸਜੀਲਾ ਤੇ ਗਠੀਲਾ ਸੀ । ਕੱਦ ਆਪਣੀ ਉਮਰ ਮੁਤਾਬਕ ਲੰਮਾ ਸੀ। ਚਿਹਰੇ ਤੇ ਨੂਰਾਨੀ ਲਾਲੀ ਸੀ ਤੇ ਅੱਖਾਂ ਵਿਚ ਰੂਹਾਨੀ ਚਮਕ । ਸਤਿਗੁਰੂ ਸਿਖ ਦੀ ਭੇਟਾ ਤੇ ਬਹੁਤ ਪਰਸੰਨ ਹੋਏ। ਸ਼ਸਤਰਾਂ ਵਿਚੋਂ ਮੈਨੂੰ ਤੇ ਮੇਰੀ ਭੈਣ ਇਸ ਨਾਗਣੀ ਨੂੰ ਆਪਨੇ ਸ਼ੁਭ ਹੱਥਾਂ ਨਾਲ ਚੁਕਿਆ, ਤੋਲਿਆ ਤੇ ਪਰਖਿਆ। ਫਲਾਂ ਨੂੰ ਦੇਖ ਕੇ ਫ਼ੁਰਮਾਉਣ ਲੱਗੇ, 'ਭਾਈ ਜੀ, ਇਹ ਤਾਂ ਲੋਹ-ਭੇਦ ਸ਼ਸਤਰ ਹਨ। ਜਿਸ ਤਰ੍ਹਾਂ ਤੁਸੀਂ ਪਿਆਰ ਨਾਲ ਬਣਵਾਏ ਹਨ, ਉਸੇ ਤਰ੍ਹਾਂ ਕਾਰੀਗਰਾਂ ਵੀ ਪ੍ਰੇਮ ਨਾਲ ਬਣਾਏ ਹਨ। ਇਨ੍ਹਾਂ ਸ਼ਸਤਰਾਂ ਦਾ ਕੋਈ ਮੁੱਲ ਨਹੀਂ । ਪ੍ਰੇਮ ਤਾਂ ਅਨਮੋਲ ਵਸਤੂ ਹੈ। ਸਤਿਗੁਰੂ ਨਾਨਕ ਦੇਵ ਜੀ ਦੇ ਦਰੋਂ ਤੁਹਾਨੂੰ ਨਾਮ ਦਾ ਪ੍ਰੇਮ ਪ੍ਰਾਪਤ ਹੋਵੇ ! ਭਾਈ ਜੀ, ਪਰ ਤੁਸੀਂ ਇਨ੍ਹਾਂ ਦੇ ਬਣਾਉਣ ਵਾਲਿਆਂ ਨੂੰ ਵੀ ਸਾਡੀਆਂ ਖ਼ੁਸ਼ੀਆਂ ਪਹੁੰਚਾਉਣੀਆਂ। ਇਹ ਕੰਮ ਨਿਰਾ ਪੈਸਿਆਂ ਪਿਛੇ ਨਹੀਂ ਬਣਿਆ ਹੋਇਆ। ਇਹ ਸ਼ਸਤਰ ਵੇਲੇ ਸਿਰ ਕੰਮ ਦੇਣ ਵਾਲੇ ਹਨ। ਇਨ੍ਹਾਂ ਤੋਂ ਕੋਈ ਧੋਖਾ ਨਹੀਂ ਹੋ ਸਕਦਾ।'

"ਇਹ ਬਚਨ ਕਰਨ ਤੋਂ ਮਗਰੋਂ ਕਲਗੀਧਰ ਜੀ ਨੇ ਅਸਲੇਖ਼ਾਨੇ ਦੇ ਸੇਵਾਦਾਰ ਨੂੰ ਸੱਦ ਕੇ ਸਾਨੂੰ ਵਿਸ਼ੇਸ਼ ਅਸਤਰਾਂ ਵਿਚ ਲੋਹ-ਭੇਦ ਦੀਆਂ ਪਰਚੀਆਂ ਬੰਨ੍ਹ ਕੇ ਸੰਭਾਲ ਕੇ ਰੱਖਣ ਦੀ ਆਗਿਆ ਕੀਤੀ।

"ਸਤਿਗੁਰੂ ਖ਼ਾਸ ਖ਼ਾਸ ਮੌਕਿਆਂ ਤੇ ਹੀ ਸਾਨੂੰ ਕਢ-ਵਾਉਂਦੇ ਤੇ ਸਾਡਾ ਪ੍ਰਦਰਸ਼ਨ ਕਰਦੇ । ਸਾਲ ਕੁ ਮਗਰੋਂ ਸਤਿਗੁਰਾਂ ਦਾ ਵਿਵਾਹ ਨੀਅਤ ਹੋਇਆ । ਸ੍ਰੀ ਹਰਜਸ ਜੀ ਚਾਹੁੰਦੇ ਸਨ ਕਿ ਉਨ੍ਹਾਂ ਦੀ ਸਪੁੱਤਰੀ ਦਾ ਗੁਰੂ ਜੀ ਨਾਲ ਵਿਵਾਹ ਉਨ੍ਹਾਂ ਦੇ ਸ਼ਹਿਰ ਲਾਹੌਰ ਵਿਚ ਹੋਵੇ। ਪਰ ਸਤਿਗੁਰਾਂ ਨੇ ਸ੍ਰੀ ਹਰਜਸ ਜੀ ਲਈ ਜੰਗਲ ਵਿਚ ਮੰਗਲ ਕਰ ਦਿਤਾ। ਉਨ੍ਹਾਂ ਸਤਲੁਜ ਦੇ ਖੱਬੇ ਕੰਢੇ ਦਿਆਂ ਪਹਾੜਾਂ ਦੇ ਪੈਰਾਂ ਲਾਗੇ ਹਰਿਆਵਲੇ ਜੰਗਲਾਂ ਨਾਲ ਘਿਰੇ ਮੈਦਾਨ ਵਿਚ ਇਕ ਲਾਹੌਰ ਨਾਂ ਦਾ ਨਗਰ ਵਸਾ ਦਿਤਾ। ਪਹਾੜੀ ਤੇ ਮੈਦਾਨੀ ਸੁੰਦਰਤਾ ਦਾ ਇਥੇ ਮੇਲ ਸੀ । ਵਿਵਾਹ ਦੇ ਦਿਨ ਜਿਉਂ ਜਿਉਂ ਨੇੜੇ ਆਉਂਦੇ ਗਏ ਉਥੇ ਰੌਣਕਾਂ ਵਧਦੀਆਂ ਗਈਆਂ ਅਤੇ ਵਪਾਰੀਆਂ ਤੇ ਦੁਕਾਨਦਾਰਾਂ ਨੇ ਬਜ਼ਾਰ ਲਗਾ ਦਿਤੇ।

"ਜੰਜ ਦੇ ਅਨੰਦਪੁਰੋਂ ਤੁਰਨ ਤੋਂ ਪਹਿਲੋਂ ਸਿਲੇਖ਼ਾਨੇ ਦੇ ਵਿਸ਼ੇਸ਼ ਸ਼ਸਤਰਾਂ ਨੂੰ ਸੱਦਾ ਪਿਆ। ਸਤਿਗੁਰਾਂ ਸਾਨੂੰ ਵੀ ਯਾਦ ਕੀਤਾ ਤੇ ਆਪਨੇ ਹੱਥਾਂ ਨਾਲ ਮੈਨੂੰ ਚੁੱਕ ਕੇ



www.AKJ.Org

ਬੀਬੀ ਵੀਰੋ ਜੀ ਦੇ ਵੱਡੇ ਸਪੁੱਤਰ ਸੰਗੋਸ਼ਾਹ ਜੀ ਨੂੰ ਫੜਾਇਆ। ਵੱਖੋ ਵੱਖਰਿਆਂ ਜੋਧਿਆਂ ਨੂੰ ਕਮਰ-ਕੱਸੇ ਦੇ ਸ਼ਸਤਰਾਂ ਤੋਂ ਛੁੱਟ ਵਿਸ਼ੇਸ਼ ਅਸਤਰ ਸ਼ਸਤਰ ਦਿਤੇ ਗਏ।

"ਵਿਵਾਹ ਬੜੀ ਧੂਮ ਧਾਮ ਨਾਲ ਹੋਇਆ। ਸਤਿਗੁਰੂ ਆਪਣੇ ਵਸਾਏ ਲਾਹੌਰ ਵਿਚ ਜੰਜ ਸਮੇਤ ਕਈ ਦਿਨ ਰਹੇ। ਇਕ ਦਿਨ ਸਤਿਗੁਰੂ ਜੀ, ਮਾਮਾ ਜੀ ਸ੍ਰੀ ਕਿਰਪਾਲ ਤੇ ਸੰਗੋਸ਼ਾਹ, ਜੀਤ ਮੱਲ. ਆਦਿ ਪੰਜ ਭਰਾਵਾਂ ਤੇ ਕੁਝ ਸਿੱਖਾਂ ਨੂੰ ਨਾਲ ਲੈ ਕੇ ਘੋੜੇ ਤੇ ਸਵਾਰ ਪਹਾੜਾਂ ਵਲ ਜਾਣ ਲਈ ਨਿਕਲੇ। ਰਸਤੇ ਵਿਚ ਧੋਬੀ ਮਿਲ ਪਿਆ।

"ਸ੍ਰੀ ਕਿਰਪਾਲ ਜੀ ਨੇ ਧੋਬੀ ਨੂੰ ਪੁਛਿਆ ਕਿ ਉਸ ਸ੍ਰੀ ਗੁਰੂ ਜੀ ਦੇ ਧੋਤੇ ਹੋਏ ਬਸਤਰ ਕਿਉਂ ਨਹੀਂ ਪਹੁੰਚਾਏ। ਧੋਬੀ ਨੇ ਬੰਦਨਾ ਕਰ ਕੇ ਬੇਨਤੀ ਕੀਤੀ, 'ਸ੍ਰੀ ਗੁਰੂ ਜੀ, ਮੇਰਾ ਕੋਈ ਦੋਸ਼ ਨਹੀਂ। ਹਾੜ ਦਾ ਮਹੀਨਾ ਹੈ। ਜਿਸ ਚਸ਼ਮੇ ਦੇ ਪਾਣੀ ਨਾਲ ਮੈਂ ਹਜ਼ੂਰ ਦੇ ਬਸਤਰ ਧੋਂਦਾ ਸਾਂ, ਉਹ ਚਸ਼ਮਾ ਚਲਣੋਂ ਬੰਦ ਹੋ ਗਿਆ ਹੈ। ਉਹ ਤਾਜ਼ੇ ਤੇ ਪਵਿੱਤਰ ਜਲ ਦਾ ਸੋਮਾ ਸੀ। ਆਪ ਜੀ ਦੇ ਸੁੰਦਰ ਬਸਤਰ ਮੈਂ ਛਪੜਾਂ ਦੇ ਅਪਵਿੱਤਰ ਅਤੇ ਗੰਧਲੇ ਹੋ ਚੁੱਕੇ ਬਲੇ ਦੇ ਪਾਣੀ ਨਾਲ ਤਾਂ ਸਾਫ਼ ਨਹੀਂ ਨਾ ਕਰ ਸਕਦਾ।' ਸ੍ਰੀ ਗੁਰੂ ਜੀ ਨੇ ਸ੍ਰੀ ਕਿਰਪਾਲ ਜੀ ਨੂੰ ਸੰਬੋਧਨ ਕਰ ਕੇ ਕਿਹਾ, 'ਇਸ ਗੁਰਮੁਖ ਦਾ ਸੱਚੀ-ਮੁੱਚੀ ਕੋਈ ਦੋਸ਼ ਨਹੀਂ। ਪਰ ਅਸੀਂ ਇਥੇ ਨਗਰ ਵਸਾਇਆ ਹੈ। ਜਲ ਤਾਂ ਪੀਣ ਲਈ ਵੀ ਇਥੇ ਲਾਗੇ ਚਾਹੀਦਾ ਹੈ। ਨਹੀਂ ਤੇ ਪੀਣ ਵਾਲਾ ਜਲ ਵੀ ਕੋਹਾਂ ਤੋਂ ਚੁੱਕ ਕੇ ਲਿਆਣਾ ਪਵੇਗਾ।' ਫੇਰ ਉਨ੍ਹਾਂ ਧੋਬੀ ਵਲ ਤਕ ਕੇ ਕਿਹਾ, 'ਭਾਈ ਗੁਰਮੁਖਾ, ਤੂੰ ਚਲ ਕੇ ਸਾਨੂੰ ਉਸ ਸੋਮੇ ਵਾਲਾ ਅਸਥਾਨ ਦਿੱਖਾ। ਜਲ ਕਿਉਂ ਬੰਦ ਹੋ ਗਿਆ? ਇਹ ਹੋਣਾ ਨਹੀਂ ਸੀ ਚਾਹੀਦਾ। ਪਰਲੇ ਪਾਸੇ ਦਰਿਆ ਹੈ ਉਰ੍ਹੇ ਜਲ ਦਾ ਭੰਡਾਰ ਹਰਿਆਵਲ ਪਰਬਤ ਹੈ।'

" 'ਸਤਿਗੁਰੂ ਜੀ', ਨਿਮਰਤਾ ਸਹਿਤ ਧੋਬੀ ਨੇ ਆਖਿਆ, 'ਲੋਕ ਕਹਿੰਦੇ ਹਨ ਕਿ ਇਹ ਸੋਮਾ ਇਨ੍ਹਾਂ ਦਿਨਾਂ ਵਿਚ ਆ ਕੇ ਅਕਸਰ ਬੰਦ ਹੋ ਜਾਂਦਾ ਹੈ। ਪਰ ਮੈਂ ਆਪ ਜੀ ਨੂੰ ਉਥੇ ਲੈ ਹੀ ਚੱਲਦਾ ਹਾਂ।'

"ਸਾਰਾ ਜੱਥਾ ਸਤਿਗੁਰੂ ਜੀ ਦੀ ਅਗਵਾਈ ਵਿਚ ਧੋਬੀ ਦੇ ਨਾਲ ਨਾਲ ਤੁਰ ਪਿਆ। ਸ੍ਰੀ ਹਰਜਸ ਜੀ ਦੇ ਨਿਵਾਸ-ਅਸਥਾਨ ਤੋਂ ਇਕ ਢਕੀ ਉੱਤਰ ਕੇ ਇਕ ਸੁੱਕਾ ਨਾਲਾ ਲੰਘਣਾ ਪਿਆ। ਉਸ ਤੋਂ ਪਾਰ ਇਕ ਝੰਗੀ ਜਹੀ ਵਿਚ ਇਕ ਵੱਡੀ ਕਾਲੇ ਰੰਗ ਦੀ ਚਟਾਨ ਗੱਡੀ ਹੋਈ ਜਾਪਦੀ ਸੀ। ਇਸ ਦੇ ਇਕ ਛੋਟੇ ਜਹੇ ਛੇਕ ਚੋਂ ਕਤਰਾ ਕਤਰਾ ਪਾਣੀ ਚੋ ਰਿਹਾ ਸੀ। ਹੋਰ ਵੀ ਛੇਕ ਸਨ ਜਿਥੋਂ ਪਾਣੀ ਵਗਣਾ ਬੰਦ ਹੋ ਗਿਆ ਹੋਇਆ ਸੀ। ਇਥੋਂ ਪਾਣੀ ਦੇ ਵਗਣ ਦਾ ਰਸਤਾ ਵੀ ਬਣਿਆ ਹੋਇਆ ਸੀ, ਜੋ ਮੁੜ ਘਿੜ ਕੇ ਉਸ ਨਾਲੇ ਵਿਚ ਜਾ ਪੈਂਦਾ ਸੀ।

"ਸਤਿਗੁਰਾਂ ਸੰਗੋ ਸ਼ਾਹ ਜੀ ਨੂੰ ਆਪਣੇ ਪਾਸ ਬੁਲਾਇਆ ਤੇ ਉਨ੍ਹਾਂ ਨੂੰ ਬਰਛਾ ਦੇਣ ਲਈ ਕਿਹਾ। ਮੇਰੇ ਭਾਗ ਜਾਗੇ! ਸਤਿਗੁਰਾਂ ਮੈਨੂੰ ਆਪਣੇ ਹੱਥਾਂ ਵਿਚ ਲੈ-ਕੇ ਤੋਲਦਿਆਂ ਕਿਹਾ, 'ਲੈ, ਬਈ, ਅਜ ਤੇਰੀ ਵੀ ਪਰਖ ਹੋ ਜਾਏ।' ਵਾਹਿਗੁਰੂ ਦਾ ਨਾਂ ਲੈ ਕੇ ਸਤਿਗੁਰਾਂ ਆਪਣਾ ਸਾਰਾ ਬਲ ਆਪਣੀ ਸੱਜੀ ਬਾਂਹ ਵਿਚ ਕੇਂਦ੍ਰਿਤ ਕਰ ਲਿਆ। ਫੜਿਆਂ ਫੜਿਆਂ ਮੇਰੇ ਤੇ ਬੜਾ ਭਾਰ ਪਿਆ ਜਪਿਆ। ਸਤਿਗੁਰਾਂ ਆਪਣੀ ਬਾਂਹ ਖੋਲ੍ਹੀ ਤੇ ਤੱਕ ਕੇ ਮੇਰਾ ਵਾਰ ਪੱਥਰ ਤੇ ਕੀਤਾ। ਕਰ-ਕਰ-ਕਰ-ਕਰ-ਕੱਚ ਦੀ ਅਵਾਜ਼ ਹੋਈ। ਮੈਨੂੰ ਜਾਪਿਆ ਮੈਂ ਹੀ ਟੁੱਟ ਗਿਆ ਹਾਂ। ਪਰ ਨਹੀਂ ਮੈਂ ਸਾਬਤ ਸਾਂ ਅਤੇ ਲਗ ਪਗ ਸਾਰੇ ਦਾ ਸਾਰਾ ਪੱਥਰ ਵਿਚ ਧਸਿਆ ਹੋਇਆ ਸਾਂ। ਅਲੂਣੀ ਸਿਲ ਨੂੰ ਭੰਨਣ ਵਾਲੀ ਮੇਰੀ ਨੋਕ ਜਲ ਨੂੰ ਚੱਖ ਰਹੀ ਸੀ। ਝਟ ਹੀ ਜਲ ਮੇਰੇ ਆਲੇ ਦਵਾਲੇ ਉਭਰ ਆਇਆ। ਗੁਰੂ ਜੀ ਨੇ ਸੰਗੋ ਸ਼ਾਹ ਜੀ ਨੂੰ, ਜੋ ਆਯੂ ਵਿਚ ਉਨ੍ਹਾਂ ਕੋਲੋਂ ਵੱਡੇ ਤੇ ਨਾਲੇ ਮਹਾਨ ਜੋਧੇ ਸਨ, ਮੈਨੂੰ ਪੁੱਟ ਲੈਣ ਲਈ ਕਿਹਾ। ਸੰਗੋ ਸ਼ਾਹ ਜੀ ਨੇ ਜ਼ੋਰ ਲਾਇਆ, ਪਰ ਮੇਰੀ ਇਕ ਅਣੀ ਪੱਥਰ ਵਿਚ ਬੁਰੀ ਤਰ੍ਹਾਂ ਅੜ ਗਈ ਸੀ। ਸੰਗੋ ਸ਼ਾਹ ਜੀ ਕੋਲੋਂ ਇਹ ਕੰਮ ਨਾ ਹੋ ਸਕਿਆ। ਸਤਿਗੁਰਾਂ ਨੇ ਘੋੜੇ ਤੇ ਬੈਠਿਆਂ ਝੁਕ ਕੇ ਮੇਰੇ ਦਸਤੇ ਨੂੰ ਅੱਧ-ਵਿਚਕਾਰਿਓਂ ਪਕੜ ਲਿਆ ਤੇ ਇਕ ਝਟਕੇ ਨਾਲ ਮੈਨੂੰ ਪੱਥਰ ਵਿਚੋਂ ਖਿੱਚ ਲਿਆ। ਸ੍ਰੀ ਕਿਰਪਾਲ ਜੀ ਸੰਗੋ ਸ਼ਾਹ ਵਲ ਹੈਰਾਨੀ ਮਿਸ਼੍ਰਿਤ ਖ਼ੁਸ਼ੀ ਦੀ ਨਜ਼ਰ ਨਾਲ ਤੱਕੇ। ਸ੍ਰੀ ਸੰਗੋ ਸ਼ਾਹ ਨੇ ਉਨ੍ਹਾਂ ਦੀ ਤੱਕ ਦਾ ਉੱਤਰ ਆਪਣੀ ਮੁਸਕਰਾਹਟ ਦੀ ਹਾਂ ਨਾਲ ਦਿੱਤਾ।


www.AKJ.Org

"ਪਾਣੀ ਦੀ ਇਕ ਵੱਡੀ ਧਾਰ ਚੱਲ ਪਈ ਸੀ। ਥਲੇ ਬਣਿਆ ਕੁੰਡ ਪਲੋ-ਪਲੀ ਭਰ ਗਿਆ, ਪਰ ਧੋਬੀ ਦੀ ਮਾਨੋਂ ਤਸੱਲੀ ਨਾ ਹੋਈ। ਉਹ ਕਹਿਣ ਲਗਾ, 'ਸ੍ਰੀ ਗੁਰੂ ਜੀ, ਏਨੇ ਪਾਣੀ ਨਾਲ ਬਸਤਰ ਪਖਾਲਣ ਦਾ ਕੰਮ ਨਹੀਂ ਹੋ ਸਕਣਾ। ਮੈਂ ਤੇ ਚਾਹੁੰਦਾ ਹਾਂ ਕਿ ਬਸਤਰ ਧੋਣ ਤੋਂ ਮਗਰੋਂ ਇਹ ਜਲ ਝਟ ਵਗ ਕੇ ਨਿਰਮਲ ਹੋ ਜਾਵੇ ਤੇ ਨਗਰ-ਵਾਸੀਆਂ ਦੇ ਪੀਣ ਲਈ ਵੀ ਸਦਾ ਵਗਦਾ ਰਹੇ।' ਸਤਿਗੁਰੂ ਮੁਸਕਰਾਏ। ਮੈਨੂੰ ਤੋਲਿਆ। ਮੇਰੇ ਤੇ ਭਾਰ ਫੇਰ ਵਧ ਗਿਆ—ਮਹਾਨ ਬਲ ਦਾ ਭਾਰ। ਦੂਜੇ ਵਾਰ ਨਾਲ ਮੇਰਾ ਫਲ ਫੇਰ ਕਰ-ਕਰ-ਕਚਰ-ਕਚਰ-ਕਚ ਕਰਦਾ ਪੱਥਰ ਵਿਚ ਧਸ ਗਿਆ। ਹੁਣ ਸੀਤਲ ਜਲ ਨੇ ਮੇਰੇ ਫਲ ਨੂੰ ਇਸ਼ਨਾਨ ਕਰਾ ਦਿਤਾ। ਜੀਤ ਮੱਲ ਜੀ ਨੇ ਮੇਰੇ ਦਸਤੇ ਨੂੰ ਫੜ ਕੇ ਖਿੱਚਣ ਲਈ ਜ਼ੋਰ ਲਾਇਆ, ਪਰ ਛੇਤੀ ਹੀ ਜਤਨ ਤਿਆਗ ਦਿਤਾ। ਕਲਗੀਧਰ ਜੀ ਨੇ ਫੇਰ ਘੋੜੇ ਤੇ ਬੈਠਿਆਂ ਹੀ ਦਸਤੇ ਨੂੰ ਹੱਥ ਪਾ ਕੇ ਮੇਰੇ ਫਲ ਨੂੰ ਖਿਚ ਲਿਆ। ਧੋਬੀ ਨੇ ਆਪਣਾ ਸਿਰ ਸਤਿਗੁਰਾਂ ਦੇ ਸੱਜੀ ਰਕਾਬ ਵਿਚਲੇ ਚਰਨ ਤੇ ਰੱਖ ਦਿਤਾ ਤੇ ਕਈ ਵਾਰੀ ਦੁਹਰਾਇਆ, 'ਸਤਿਗੁਰੂ ਜੀ, ਮੇਰੀ ਭੁਲ ਨੂੰ ਬਖ਼ਸ਼ਣਾ, ਮੇਰੀ ਭੁਲ ਨੂੰ ਬਖ਼ਸ਼ਣਾ।' ਸਤਿਗੁਰਾਂ ਉਸ ਨੂੰ ਥਾਪੀ ਦਿਤੀ।

"ਸ੍ਰੀ ਕਿਰਪਾਲ ਜੀ 'ਸਤਿਗੁਰੋ, ਜੇ ਮਿਹਰ ਕਰਨ ਲਗੇ ਹੋ ਤਾਂ ਤ੍ਰਿਬੈਣੀ ਹੀ ਬਣਾ ਦਿਓ। ਹੁਣ ਇਥੇ ਜਲ ਦੀ ਟੋਟ ਨਾ ਰਹੇ।'

"ਸਾਹਿਬਾਂ ਨੇ ਫੇਰ ਮੈਨੂੰ ਹੱਥ ਵਿਚ ਤੋਲਿਆ, ਚੁੱਕਿਆ ਤੇ ਵਾਹਿਆ। ਹੁਣ ਮੇਰਾ ਸ੍ਵੈ-ਭਰੋਸਾ ਵਧ ਗਿਆ ਸੀ। ਕਰ-ਕਰ-ਕੱਚ ਅਵਾਜ਼ ਨੂੰ ਹੁਣ ਮੈਂ ਪੱਥਰ ਦਾ ਟੁੱਟਣਾ ਹੀ ਸਮਝਦਾ ਸਾਂ। ਜਲ ਦੇ ਵਗਣ ਵਾਲੇ ਇਕ ਸੁਕੇ ਹੋਏ ਛੋਟੇ ਛੇਕ ਨੂੰ ਤੋੜਦਾ ਐਤਕੀਂ ਮੇਰਾ ਸਾਰਾ ਫਲ ਧਸ ਗਿਆ। ਐਤਕੀਂ ਮੈਨੂੰ ਪੁੱਟਣ ਦਾ ਕਿਸੇ ਹੋਰ ਜਤਨ ਨਾ ਕੀਤਾ। ਸਤਿਗੁਰਾਂ ਮੈਨੂੰ ਝਟ ਹੀ ਪੁੱਟ ਲਿਆ ਤੇ ਸੰਗੋ ਜੀ ਨੂੰ ਫੜਾ ਕੇ ਪਹਾੜ ਵਲ ਸੈਰ ਕਰਨ ਨੂੰ ਵਧੇ। ਧੋਬੀ ਹੱਥ ਜੋੜੀ ਉਥੇ ਹੀ ਖਲੋਤਾ ਰਿਹਾ, ਕਦੇ ਉਹ ਤਿੰਨਾਂ ਧਾਰਾਂ ਨਾਲ ਭਰੇ ਹੋਏ ਕੁੰਡ ਵਿਚੋਂ ਵਗਦੇ ਪ੍ਰਵਾਹ ਨੂੰ ਦੇਖਦਾ ਸੀ ਤੇ ਕਦੇ ਗੁਰੂ ਜੀ ਨੂੰ। ਜਦੋਂ ਸ਼ਾਮ ਨੂੰ ਸਾਹਿਬ ਸੈਰ ਕਰ ਕੇ ਮੁੜੇ ਤਾਂ ਸੰਗਤਾਂ, ਇਲਾਕੇ ਦੇ ਲੋਕ, ਵਪਾਰੀ ਤੇ ਦੁਕਾਨਦਾਰ ਸਤਿਗੁਰਾਂ ਦੇ ਦਰਸ਼ਨ ਨੂੰ ਖੜੇ ਸਨ। ਸਾਰੇ ਮੇਰੇ ਵੱਲ ਵੀ ਦੇਖਦੇ ਸਨ। ਮੈਂ ਨਿਰਮਾਣ ਨੂੰ ਜਿਵੇਂ ਸਤਿਗੁਰਾਂ ਮਾਣ ਬਖ਼ਸ਼ ਦਿਤਾ ਸੀ।

"ਇਕ ਵਾਰੀ ਫੇਰ ਮਹਾਨਤਾ ਵਾਲੇ ਕੰਮ ਲਈ ਅਨੰਦ-ਪੁਰ ਦੀ ਦੂਜੀ ਲੜਾਈ ਵਿਚ ਸਤਿਗੁਰਾਂ ਸਾਨੂੰ ਦੋਹਾਂ ਨੂੰ ਯਾਦ ਕੀਤਾ ਤੇ ਅਸਲਾਖ਼ਾਨੇ ਵਿਚੋਂ ਮੰਗਾ ਭੇਜਿਆ। ਪਹਾੜੀ ਰਾਜੇ ਤੇ ਰੰਘੜਾਂ ਦੇ ਦਲ ਖੁਲ੍ਹੀ ਲੜਾਈ ਵਿਚ ਦੋ ਵਾਰੀ ਹਾਰ ਖਾ ਚੁੱਕੇ ਸਨ। ਉਨ੍ਹਾਂ ਲੜਾਈ ਦਾ ਪੈਂਤੜਾ ਬਦਲ ਕੇ ਵੀਹ ਦਿਨ ਅਨੰਦਪੁਰ ਦਾ ਘੇਰਾ ਵੀ ਘੱਤੀ ਰਖਿਆ ਸੀ, ਪਰ ਇਸ ਦਾ ਖ਼ਾਲਸੇ ਤੇ ਕੋਈ ਮਾੜਾ ਅਸਰ ਨਹੀਂ ਸੀ ਪਿਆ। ਫੇਰ ਸਲਾਹ ਮਸ਼ਵਰਾ ਹੋਇਆ ਤੇ ਇਹ ਮਤਾ ਮਤਾਇਆ ਗਿਆ ਕਿ ਰਾਜਾ ਕੇਸਰੀ ਚੰਦ ਜਸਵਾਲੀਏ ਦੀ ਅਗਵਾਈ ਵਿਚ ਲੋਹਗੜ੍ਹ ਦੇ ਰਸਤੇ ਅਨੰਦਪੁਰ ਤੇ ਹਮਲਾ ਕੀਤਾ ਜਾਵੇ। ਜਸਵਾਲੀਏ ਦਾ ਲੋਹੇ ਨਾਲ ਮੜ੍ਹਿਆ ਤੇ ਸ਼ਰਾਬ ਨਾਲ ਮਸਤ ਹਾਥੀ ਲੋਹਗੜ੍ਹ ਦੇ ਦਰਵਾਜ਼ੇ ਨੂੰ ਟੱਕਰ ਮਾਰ ਕੇ ਤੋੜੇ ਅਤੇ ਫ਼ੌਜਾਂ ਕਿਲ੍ਹੇ ਨੂੰ ਫ਼ਤਹ ਕਰ ਕੇ ਮੋਰਚੇ ਨੂੰ ਤੋੜਦੀਆਂ ਅਨੰਦਪੁਰ ਤੇ ਕਬਜ਼ਾ ਕਰ ਲੈਣ। ਕੇਸਰੀ ਚੰਦ ਨੇ ਇਹ ਕਸਮ ਵੀ ਖਾਧੀ ਕਿ ਮੈਂ ਅੱਜ ਜਾਂ ਅਨੰਦਪੁਰ ਤੇ ਕਬਜ਼ਾ ਕਰ ਕੇ ਗੁਰੂ ਨੂੰ ਜੀਊਂਦਾ ਜਾਂ ਮਰਿਆ ਹੋਇਆ ਸਾਰਿਆਂ ਰਾਜਿਆਂ ਅਗੇ ਪੇਸ਼ ਕਰਾਂਗਾ, ਨਹੀਂ ਤੇ ਜੀਊਂਦਾ ਨਹੀਂ ਮੁੜਾਂਗਾ।

"ਸਤਿਗੁਰਾਂ ਨੇ ਐਤਕੀਂ ਮੇਰੀ ਭੈਣ ਨਾਗਣੀ ਨੂੰ ਪਹਿਲੀ ਸੇਵਾ ਬਖ਼ਸ਼ੀ। ਜੱਥੇਦਾਰ ਬਚਿੱਤਰ ਸਿੰਘ ਜੀ ਨੂੰ ਸਤਿਗੁਰਾਂ ਆਪਣੇ ਸ਼ੁਭ ਹੱਥਾਂ ਨਾਲ ਇਹ ਨਾਗਣੀ ਹਾਥੀ ਦੇ ਤਵਿਆਂ ਨੂੰ ਪਾੜ ਕੇ ਸਿਰ ਵਿਚ ਧਸਾਉਣ ਲਈ ਦਿੱਤੀ। ਬਚਿੱਤਰ ਸਿੰਘ ਜੀ ਨੇ ਜਦ ਸਤਿਗੁਰੂ ਜੀ ਦਾ 'ਥਾਪੜਾ' ਲੈ ਕੇ ਘੋੜਾ ਭਜਾ ਕੇ ਲੋਹਗੜ੍ਹ ਦਾ ਰੁਖ਼ ਕੀਤਾ ਤਾਂ ਮਗਰੋਂ ਉਨ੍ਹਾਂ ਦੇ ਭਰਾ ਜੱਥੇਦਾਰ ਉਦੇ ਸਿੰਘ ਨੇ ਸਤਿਗੁਰਾਂ ਅਗੇ ਹੱਥ ਜੋੜ ਕੇ ਬੇਨਤੀ ਕੀਤੀ, 'ਸਾਹਿਬ ਕਲਗੀਧਰ ਜੀ, ਸੂਹੀਏ ਨੇ ਦਸਿਆ ਹੈ ਕਿ ਕੇਸਰੀ ਚੰਦ ਨੇ ਆਪ ਦੀ ਸ਼ਾਨ ਦੇ ਵਿਰੁਧ ਬੜੇ ਹੰਕਾਰ-ਵਾਲੇ ਸ਼ਬਦ ਕਹੇ ਹਨ। ਜੇ ਆਪ ਆਪਣੇ ਇਸ ਨਗੂਣੇ ਦਾਸ ਨੂੰ ਆਗਿਆ ਕਰੋ ਤਾਂ ਅੱਜ ਮੈਂ ਉਸ ਨਾਲ ਦੋ ਹਥ ਕਰ ਲਵਾਂ।"



www.AKJ.Org

"ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮੁਸਕਰਾਏ। ਬਚਨ ਕੀਤਾ, 'ਉਦੈ ਸਿੰਘ ਜੀ, ਰਾਜਾ ਕੇਸਰੀ ਚੰਦ ਨੇ ਕਸਮ ਖਾਧੀ ਹੋਈ ਹੈ। ਅਜ ਬਿਖੜਾ ਜੰਗ ਹੋਵੇਗਾ। ਤੁਸਾਂ ਦਮਦਮੇ ਲਾਗੇ ਇਕ ਸੌ ਘੜ-ਚੜ੍ਹਿਆਂ ਦਾ ਜੱਥਾ ਤਿਆਰ ਰਖਣਾ। ਸ਼ਤਰੂ ਦੀ ਫ਼ੌਜ ਗਿਣਤੀ ਵਿਚ ਬਹੁਤ ਹੀ ਜ਼ਿਆਦਾ ਹੈ। ਉਸ ਦੀਆਂ ਦੋਵੇਂ ਅਣੀਆਂ ਲੋਹਗੜ੍ਹ ਦੇ ਉਤੇਂ ਦੀ ਮਿਲਣ ਦੀ ਕੋਸ਼ਿਸ਼ ਕਰਨਗੀਆਂ। ਤੁਰਮ ਵੱਜਦਿਆਂ ਹੀ ਫ਼ੌਜੀ ਵਿਚ ਤਿਆਰ-ਬਰ-ਤਿਆਰ ਸਾਡੇ ਦੋਵੇਂ ਘੋੜ-ਚੜ੍ਹੇ ਜਥੇ ਸੱਜਿਓਂ ਖੱਬਿਓਂ ਅਣੀਆਂ ਤੇ ਵੰਡ ਅਨੁਸਾਰ ਹਮਲਾ ਕਰਨਗੇ ਤਾਂ ਜੁ ਅਣੀਆਂ ਆਪੋ ਵਿਚ ਮਿਲ ਨਾ ਸਕਣ। ਵਾਹਿਗੁਰੂ ਦੇ ਹੁਕਮ ਨਾਲ ਹਾਥੀ ਕਿਲ੍ਹੇ ਦੇ ਦਰਵਾਜ਼ੇ ਤਕ ਪਹੁੰਚ ਨਹੀਂ ਸਕੇਗਾ। ਕਿਲ੍ਹੇ ਦੀ ਖ਼ਾਲਸਾ ਫ਼ੌਜ ਪਹਾੜੀ ਫ਼ੌਜ ਦੇ ਵਿਚਕਾਰਲੇ ਹਿਸੇ ਨੂੰ ਥੰਮੇਗੀ। ਤੁਸੀਂ ਤਾਕ ਲਾ ਕੇ ਬੈਠਣਾ। ਜਦੋਂ ਯੋਗ ਸਮਝੋ ਝਪਟ ਕੇ ਕੇਸਰੀ ਚੰਦ ਵਾਲੇ ਅਸਥਾਨ ਤੇ ਹਮਲਾ ਕਰ ਕੇ ਦੋ ਹੱਥ ਅਜ਼ਮਾ ਲੈਣੇ।'

"ਉਦੈ ਸਿੰਘ ਜੀ ਇਹ ਹੁਕਮ ਸੁਣ ਕੇ ਗਦ ਗਦ ਹੋ ਉਠੇ। ਉਨ੍ਹਾਂ ਸਤਿਗੁਰਾਂ ਦੇ ਚਰਨਾਂ ਵਿਚ ਸੀਸ ਨਿਵਾਇਆ। ਮੇਰੇ ਵੀ ਭਾਗ ਜਾਗੇ! ਸਤਿਗੁਰਾਂ ਮੈਨੂੰ ਆਪਣੇ ਹੱਥਾਂ ਵਿਚ ਚੁੱਕਿਆ। ਪਿਆਰ ਨਾਲ ਦੇਖਿਆ। ਮੈਂ ਆਪਣੇ ਆਪ ਵਿਚ ਫੁਲਿਆ ਨਾ ਸਮਾਇਆ ਜਦ ਉਨ੍ਹਾਂ ਕਿਹਾ, 'ਭਾਈ ਉਦੈ ਸਿੰਘ, ਇਹ ਬਰਛਾ ਸਾਡਾ ਪਰਖਿਆ ਹੋਇਆ ਹੈ। ਇਸ ਦਾ ਫਲ ਲੋਹ-ਭੇਦ ਹੈ। ਹੋ ਸਕਦਾ ਹੈ ਕਿ ਕੇਸਰੀ ਚੰਦ ਨੇ ਲੋਹ-ਬਸਤਰ ਪਹਿਰੇ ਹੋਣ। ਇਸ ਨੂੰ ਵਰਤੋਂ ਲਈ ਆਪਣੇ ਨਾਲ ਲੈ ਲਵੋ।'

"ਜੱਥੇਦਾਰ ਜੀ ਨੇ ਜੋੜੇ ਹੋਏ ਦੋਵੇਂ ਹੱਥ ਖੋਲ੍ਹ ਕੇ ਮੈਨੂੰ ਪਕੜ ਲਿਆ ਤੇ ਥਾਪੜਾ ਲੈ ਕੇ ਆਪਣੇ ਇਰਾਕੀ ਤੇ ਸਵਾਰ ਹੋ ਕੇ ਇਕ ਹੱਥ ਵਿਚ ਮੈਨੂੰ ਨਚਾਉਂਦੇ, ਸੌ ਸਵਾਰ ਲੈ ਕੇ ਦਮਦਮੇ ਦੇ ਪੈਰਾਂ ਵਿਚ ਦਰੱਖ਼ਤਾਂ ਦੀ ਓਟ ਵਿਚ ਜਾ ਟਿਕੇ।

"ਪਹਾੜੀਆਂ ਦਾ ਲੋਹਗੜ੍ਹ ਤੇ ਹਮਲਾ ਸ਼ੁਰੂ ਹੋ ਗਿਆ। ਬੜਾ ਚਿਰ ਬੰਦੂਕਾਂ ਦੇ ਕੜਾਕੇ ਸੁਣਾਈ ਦਿੰਦੇ ਰਹੇ। ਕਦੇ ਕਦੇ ਜੰਬੂਰ ਵੀ ਭੌਂਕਦੇ। ਕਾਫ਼ੀ ਦੇਰ ਮਗਰੋਂ ਕਿਲ੍ਹੇ ਦੇ ਜੰਬੂਰ ਤੇ ਬੰਦੂਕਾਂ ਚੱਲਣੋਂ ਹਟ ਗਈਆਂ। ਇਕ ਘੜੀ ਦਾ ਸਮਾਂ ਇਹ ਚੁੱਪ ਰਹੀਆਂ। ਅਚਾਨਕ ਇਹ ਫੇਰ ਤੜਾਕਣ ਲਗੀਆਂ ਅਤੇ ਇਕ ਹਵਾਈ, ਕਿਲ੍ਹੇ ਵਿਚੋਂ ਸ਼ੂਕਦੀ ਅਸਮਾਨ ਜਾ ਚੜ੍ਹੀ ਤੇ ਕੜਾਕੇ ਨਾਲ ਪਾਟੀ। ਉਦੈ ਸਿੰਘ ਜੀ ਨੇ ਕਿਹਾ, 'ਵੀਰ ਜੀ ਨੂੰ ਵਿਜੈ ਪਰਾਪਤ ਹੋਈ।' ਅਚਾਨਕ ਦਮਦਮੇ ਤੋਂ ਤੁਰਮ ਵੱਜਿਆ। ਫ਼ੌਜੀ ਦੇ ਰਸਾਲਿਆਂ ਨੇ ਸੱਜੇ ਖੱਬੇ ਦੀਆਂ ਅਣੀਆਂ ਤੇ ਬਾਜਾਂ ਵਾਂਗ ਹਮਲੇ ਕੀਤੇ ਤੇ ਹਰਾਸੀ ਹੋਈ ਪਹਾੜੀ ਸੈਨਾ ਨੂੰ ਮਾਰ ਮਾਰ ਕੇ ਪਿਛਾਂਹ ਧੱਕ ਦਿਤਾ। ਵਿਚਕਾਰਲੀ ਫ਼ੌਜ ਵੀ ਕਿਲ੍ਹੇ ਦੇ ਸਿੰਘਾਂ ਦੇ ਅਚਾਨਕ ਹਮਲੇ ਨਾਲ ਪਿਛੇ ਹਟ ਰਹੀ ਸੀ ਕਿ ਰਾਜਾ ਕੇਸਰੀ ਚੰਦ ਆਪਣੀ ਜਾਨ ਦੀ ਪਰਵਾਹ ਨਾ ਕਰਦਾ ਹੋਇਆ ਅਗਾਂਹ ਆ ਖਲੋਤਾ ਤੇ ਤੀਰ ਮਾਰ ਮਾਰ ਕੇ ਸਿੰਘਾਂ ਨੂੰ ਰੋਕਣ ਲੱਗਾ। ਆਪਣੇ ਰਾਜੇ ਨੂੰ ਅਗੇ ਹੋ ਕੇ ਲੜਦਾ ਦੇਖ ਕੇ ਮੱਧਵਰਤੀ ਪਹਾੜੀ ਫ਼ੌਜ ਅੜ ਖੜੋਤੀ। ਘਮਸਾਣ ਦਾ ਜੁੱਧ ਹੋਇਆ। ਸਿੰਘਾਂ ਦਾ ਜ਼ੋਰ ਪੈਂਦਾ ਸੀ, ਪਰ ਕੇਸਰੀ ਚੰਦ ਨੇ ਮਾਨੋਂ ਜ਼ਮੀਨ ਵਿਚ ਪੈਰ ਜਮਾ ਲਏ ਸਨ। ਉਸ ਨੂੰ ਦੇਖ ਕੇ ਪਹਾੜੀ ਫ਼ੌਜ ਫੇਰ ਜੰਮ ਜਾਂਦੀ ਸੀ। ਉਦੈ ਸਿੰਘ ਜੀ ਇਹ ਸਭ ਕੁਝ ਦੇਖ ਰਹੇ ਸਨ। ਉਦੈ ਸਿੰਘ ਜੀ ਨੇ ਤੁਰਮ ਵਜਾਇਆ। ਜਵਾਬ ਵਿਚ ਦਮਦਮੇ ਤੋਂ ਤੁਰਮ ਵੱਜਾ। ਮੱਧਵਰਤੀ ਫ਼ੌਜ ਨਾਲ ਲੜਦੀ ਸਿਖ ਸੈਨਾ ਨੇ ਸਜੇ ਖੱਬੇ ਹਟ ਨੇ ਵਿਚਕਾਰ ਖੁਲ੍ਹਾ ਥਾਂ ਛੱਡ ਦਿਤਾ। ਉਦੈ ਸਿੰਘ ਜੀ ਦਾ ਰਸਾਲਾ ਮਾਨੋਂ ਪਰ ਲਾ ਕੇ ਉੱਡ ਪਿਆ। ਸਭ ਤੋਂ ਅਗੇ ਉਦੈ ਸਿੰਘ ਜੀ ਸਨ। ਉਨ੍ਹਾਂ ਦੇਖਿਆ ਰਾਜੇ ਨੇ ਲੋਹ-ਬਸਤਰ ਨਹੀਂ ਸਨ ਪਹਿਨੇ ਹੋਏ। ਉਨ੍ਹਾਂ ਮੈਨੂੰ ਖੱਬੇ ਹੱਥ ਬਦਲ ਕੇ ਮਿਆਨ ਵਿਚੋਂ ਤੇਗ ਕੱਢ ਲਈ ਸੀ। ਮੈਨੂੰ ਜਾਪਿਆ ਜਿਵੇਂ ਉਦੈ ਸਿੰਘ ਜੀ ਨੇ ਮੈਨੂੰ ਨਿਕੰਮਾ ਸਮਝ ਕੇ ਤ੍ਰਾਹ ਦਿਤਾ ਹੈ। ਬੜਾ ਜ਼ਬਰਦਸਤ ਤਸਾਦਮ ਹੋਇਆ। ਬਰਛਿਆਂ, ਤੋਮਰਾਂ, ਸਾਂਗਾਂ, ਸ਼ਕਤੀਆਂ, ਸੈਹਥੀਆਂ ਦੀ ਮਾਰ ਖਾ ਕੇ ਪਹਾੜੀ ਸੈਨਾ ਪਿਛਾਂਹ ਹਟੀ, ਪਰ ਕੇਸਰੀ ਚੰਦ ਪਿਛਾਂਹ ਨਾ ਹਟਿਆ। ਇਸੇ ਸਮੇਂ ਉਦੈ ਸਿੰਘ ਦਾ ਟਾਕਰਾ ਕੇਸਰੀ ਚੰਦ ਨਾਲ ਹੋਇਆ। 'ਰਾਜਾ ਕੇਸਰੀ ਚੰਦ, ਗੁਰੂ ਨਹੀਂ ਗੁਰੂ ਦੇ ਸਿੱਖ ਨਾਲ ਤੇਰਾ ਮੁਕਾਬਲਾ ਹੈ। ਤਗੜਾ ਹੋ ਤੇ ਵਾਰ ਕਰ,' ਨਿਰਭੈ



www.AKJ.Org

ਉਦੈ ਸਿੰਘ ਨੇ ਵੰਗਾਰਿਆ। ਕੇਸਰੀ ਚੰਦ ਨੇ ਤਲਵਾਰ ਦਾ ਵਾਰ ਕੀਤਾ, ਜੋ ਉਦੈ ਸਿੰਘ ਜੀ ਨੇ ਤੇਗੇ ਤੇ ਲਿਆ ਅਤੇ ਝਬਦੇ ਉਸੇ ਤੇਗੇ ਨਾਲ ਐਸਾ ਫੁਰਤੀਲਾ ਵਾਰ ਕੀਤਾ ਕਿ ਕੇਸਰੀ ਚੰਦ ਦਾ ਸਿਰ ਕਟ ਕੇ ਧਰਤੀ ਤੇ ਜਾ ਪਿਆ। ਝਟ ਪਟ ਉਨ੍ਹਾਂ ਹੱਥ ਬਦਲ ਕੇ ਮੈਨੂੰ ਸੰਭਾਲਿਆ ਅਤੇ ਮੇਰੇ ਲੰਮੇ ਫਲ ਦੀ ਚੋਭ ਨਾਲ ਕੇਸਰੀ ਚੰਦ ਦੇ ਸਿਰ ਨੂੰ ਪਰੋ ਕੇ ਚੁਕ ਲਿਆ।

ਕੇਸਰੀ ਚੰਦ ਦਾ ਧੜ ਡਿਗਦਿਆਂ ਦੇਖ ਕੇ ਪਹਾੜੀ ਫ਼ੌਜ ਪਿੱਛੇ ਹਟਣ ਲੱਗੀ। ਸਿੱਖ ਸੈਨਾ ਦਾ ਹੱਥ ਉਪਰ ਹੋ ਗਿਆ। ਉਦੈ ਸਿੰਘ ਜੀ ਮੇਰੇ ਫਲ ਤੇ ਕੇਸਰੀ ਚੰਦ ਦੇ ਸਿਰ ਨੂੰ ਚੁੱਕੀ ਪਿਛਾਂਹ ਮੁੜ ਰਹੇ ਸਨ ਕਿ ਨਸੀ ਜਾਂਦੀ ਫ਼ੌਜੀ ਬੰਦੂਕ ਦੀ ਇਕ ਗੋਲੀ ਮੇਰੇ (ਤਿਖੀ ਧਾਰ) ਤੇ ਆ ਲੱਗੀ।

"ਜੱਥੇਦਾਰ ਉਦੈ ਸਿੰਘ ਜੀ ਨੇ ਕੇਸਰੀ ਚੰਦ ਦਾ ਸਿਰ ਸਤਿਗੁਰਾਂ ਦੇ ਚਰਨਾਂ ਵਿਚ ਆ ਰਖਿਆ। ਜਸਵਾਲੀਏ ਦੇ ਹਾਥੀ ਦੇ ਮਾਰੇ ਜਾਣ ਦੀ ਖ਼ਬਰ ਵੀ ਸਤਿਗੁਰਾਂ ਨੂੰ ਪਹੁੰਚ ਚੁੱਕੀ ਸੀ। ਸਤਿਗੁਰਾਂ ਕੇਸਰੀ ਚੰਦ ਦੇ ਸਿਰ ਨੂੰ ਸਤਕਾਰ ਭਰੀ ਨਜ਼ਰਾਂ ਨਾਲ ਤੱਕਿਆ। ਹੁਕਮ ਕੀਤਾ, 'ਉਦੈ ਸਿੰਘ ਜੀ, ਇਸ ਬਹਾਦਰ ਦੇ ਸੀਸ ਦੀ ਇਹ ਥਾਂ ਨਹੀਂ। ਚੰਦਨ-ਚੌਕੀ ਲਿਆ ਕੇ ਉਸ ਤੇ ਥਾਲ ਸਜਾ ਕੇ, ਇਸ ਨੂੰ ਥਾਲ ਵਿਚ ਰਖੋ। ਰੇਸ਼ਮੀ ਰੁਮਾਲ ਨਾਲ ਇਸ ਨੂੰ ਕੱਜੋ। ਇਸ ਨੇ ਆਪਣੀ ਸ਼ਪਥ ਨਿਬਾਹੀ ਹੈ; ਭੀਮ ਚੰਦ ਵਾਂਗ ਪਿਛੇ ਪਿਛੇ ਨਹੀਂ ਰਿਹਾ। ਜੇ ਇਸ ਦੀ ਰਾਣੀ ਇਸ ਦੇ ਸੀਸ ਦੀ ਮੰਗ ਕਰੇ ਅਤੇ ਸਤੀ ਨਾ ਹੋਣ ਦਾ ਬਚਨ ਦੇਵੇ ਤਾਂ ਇਹ ਉਸ ਨੂੰ ਦੇ ਦਿਤਾ ਜਾਵੇ, ਨਹੀਂ ਤਾਂ ਪੂਰੇ ਸੈਨਿਕ ਸਨਮਾਨ ਨਾਲ ਇਸ ਸੀਸ ਦਾ ਚੰਦਨ-ਚਿਖਾ ਵਿਚ ਸਸਕਾਰ ਕੀਤਾ ਜਾਵੇ। ਉਦੈ ਸਿੰਘ ਜੀ, ਧਰਮ-ਜੁੱਧ ਵਿਚ ਹੰਕਾਰ ਨੂੰ ਕੋਈ ਸਥਾਨ ਨਹੀਂ। ਨਿਮਰਤਾ ਹੀ ਵੀਰਤਾ ਦਾ ਭੂਸ਼ਣ ਹੈ।'

"ਝਟ ਪਟ ਸਤਿਗੁਰਾਂ ਦੇ ਹੁਕਮ ਦਾ ਪਾਲਨ ਕੀਤਾ ਗਿਆ ਤੇ ਮੈਂ ... ... ... !"

ਇਕ ਖੜਾਕ ਹੋਇਆ। ਕੇਸ ਗੜ੍ਹ ਸਾਹਿਬ ਨਿਵਾਸ ਦੇ ਕਮਰਾ ਨੰਬਰ ਨੌਂ ਦਾ ਬੂਹਾ ਖੁਲ੍ਹਿਆ ਤੇ ਪ੍ਰੋ: ਭਗਤ ਸਿੰਘ ਤੇ ਪ੍ਰੋ: ਵਿਜੈ ਸੂਦ ਅੰਦਰ ਦਾਖ਼ਲ ਹੋਏ। ਅੱਜ ਅਸੀਂ ਤੜਕੇ ਹੀ ਉੱਠ ਕੇ ਸਤਿਗੁਰਾਂ ਦੇ ਗੁਰਦਵਾਰਿਆਂ ਦੇ ਦਰਸ਼ਨ ਕਰਦੇ ਨੈਣਾਂ ਦੇਵੀ ਦੀ ਚੋਟੀ ਪਹੁੰਚੇ ਸਾਂ। ਪਰਲੇ ਬੰਨਿਉਂ ਉੱਤਰ ਕੇ ਗੁਰੂ ਕੇ ਲਾਹੌਰ ਪਹੁੰਚ ਕੇ ਸ੍ਰੀ ਹਰਜਸ ਨਿਵਾਸ, ਵਿਵਾਹ-ਅਸਥਾਨ ਤੇ ਤ੍ਰਿਬੈਣੀ ਦੇ ਦਰਸ਼ਨ ਕੀਤੇ ਸਨ। ਬੱਸ ਨਾ ਮਿਲਣ ਕਰਕੇ ਪੈਦਲ ਹੀ ਅਨੰਦਪੁਰ ਪਹੁੰਚੇ ਸਾਂ। ਉਸ ਵੇਲੇ ਕੇਸ ਗੜ੍ਹ ਸਾਹਿਬ ਵਿਚ ਰਹਿਰਾਸ ਸਾਹਿਬ ਦਾ ਪਾਠ ਹੋ ਰਿਹਾ ਸੀ। ਪੰਜ-ਇਸ਼ਨਾਨਾ ਕਰ ਕੇ ਅਸੀਂ ਦੀਵਾਨ ਵਿਚ ਜਾ ਬੈਠੇ ਸਾਂ। ਸ਼ਸਤਰਾਂ ਦੇ ਦਰਸ਼ਨ ਅੱਜ ਸਿੰਘ ਸਾਹਿਬ ਜੱਥੇਦਾਰ ਜੀ ਨੇ ਆਪ ਕਰਾਏ ਸਨ ਅਤੇ ਉਨ੍ਹਾਂ ਨਾਲ ਸੰਬੰਧਤ ਇਤਿਹਾਸਕ ਘਟਨਾਵਾਂ ਦਾ ਵਰਨਣ ਕੀਤਾ ਸੀ। ਥਕਿਆ ਹੋਣ ਕਰਕੇ ਮੈਂ ਆਰਾਮ ਕਰਨ ਲਈ ਬਿਨਾਂ ਕੁਝ ਖਾਧਿਆਂ ਲੇਟ ਗਿਆ ਸਾਂ ਤੇ ਦੋਵੇਂ ਨੌਜੁਆਨ ਬਜ਼ਾਰ ਪਰਸ਼ਾਦ ਛਕਣ ਚਲੇ ਗਏ ਸਨ। ਉਹ ਮੁੜੇ ਸਨ ਤੇ ਉਨ੍ਹਾਂ ਦੇ ਖੜਾਕ ਨਾਲ ਮੈਂ ਜਾਗ ਪਿਆ ਸਾਂ।

# ਦਮ ਦਮ

[ਵਲੋਂ—ਬੀਬੀ ਇੰਦਰਜੀਤ ਕੌਰ ਜੀ, ਕਾਨਪੁਰ]

(੧) ਦਮ ਦਮ ਕਰ ਕੇ ਇਹ ਦਮ ਆਏ, ਇਕ-ਦਮ ਆਇ ਨ ਸਾਰੇ।
(੨) ਦਮ ਦਮ ਢੱਠਾ ਦਮ ਦਮ ਉਠਿਆ, ਬੇ-ਦਮ ਦਮ ਗੁਜ਼ਾਰੇ।
(੩) ਇਕ ਅੱਧ ਦਮ ਭਰ ਜੇਕਰ ਦਮ ਲੈ, ਕਰੇਂ ਕਰਾਰੀ ਟੁਕ-ਦਮ;
(੪) ਦਮ-ਸਾਈਂ, ਯਕ-ਦਮ ਦੇ ਦਮ ਦੇ, ਦਮ-ਦਮ ਦਮ ਸਹਾਰੇ।

(ਇਸ਼ ਰੁਬਾਈ ਦੀ ਵਿਆਖਿਆ ਪੰਨਾ ੧੯ ਦੇ ਹੇਠ)



www.AKJ.Org

# ਹਲੇਮੀ-ਰਾਜ ਦੇ ਵਲਵਲੇ

[ ਵਲੋਂ—ਸ: ਹਰਬੰਸ ਸਿੰਘ ਜੀ, ਕਾਨਪੁਰ ]

ਮੇਰੇ ਸੀਨੇ ਦੇ ਫਟ ਨੇ ਜੋ, ਮੇਰੀ ਜਿੰਦ ਨੇ, ਮੇਰੀ ਜਾਂ[1] ਨੇ,
ਭਾਵੇਂ ਦਰਦਾਂ ਦੇ ਸੋਮੇ ਨੇ, ਮੇਰੇ ਜੀਵਨ ਦੀ ਏਹ 'ਮਾਂ' ਨੇ ।
ਏਹਨਾਂ ਦਾ ਝਲਣਾ ਅਉਖਾ, ਏਹਨਾਂ ਦਾ ਭੁਲਣਾ ਮੁਸ਼ਕਿਲ,
ਹਾਂ ਏਹਨਾਂ ਦਾ ਹੀ ਗੋਲਾ ਮੈਂ; ਏਹ ਮੇਰੇ ਉਚ ਸੁਲਤਾਂ ਨੇ ।
ਏਹਨਾਂ ਨੂੰ ਤੱਕ ਕੇ ਭੁਲਣਾ, ਜੋ ਕੁਝ ਭੀ ਯਾਦ ਹੁੰਦਾ ਹੈ,
ਮੇਰਾ 'ਆਪਾ' ਤੇ ਏਹ ਦੋਵੇਂ, ਹੋ ਜਾਂਦੇ ਫੇਰ ਯਕ-ਜਾਂ[2] ਨੇ ।
ਏਹਨਾਂ ਨੂੰ ਦਰਦ ਆਪੇ ਦਾ, ਆਪੇ ਨੂੰ ਦਰਦ ਏਹਨਾਂ ਦਾ,
ਏਹ ਅਫ਼ਸਾਨਾ[3] ਨਹੀਂ ਖ਼ਿਆਲੀ, ਹੱਡ-ਬੀਤੀ ਏਹ ਦਸਤਾਂ[4] ਏ ।
ਏਹਨਾਂ ਦੇ ਵੇਗ ਨੂੰ ਖੋਲ੍ਹੇ, ਇਹਨਾਂ ਦੇ ਖੋਲ ਨੂੰ ਦਸੇ[5],
ਤਕ ਅਖਰ ਮੋੜ ਮੂੰਹ ਲੈਂਦੇ, ਤੇ ਵਿਚ ਬੋਲੀ ਦੇ ਕੀ ਜਾਂ ਏ ?
ਏਹ ਸੁਰਤੀ ਮਾਰ ਦਿੰਦੇ ਨੇ, ਤੇ ਬੁੱਧੀ ਸਾੜ ਦਿੰਦੇ ਨੇ,
ਰੰਬੀ ਦੀ ਧਾਰ ਵਾਰੀ ਏ, ਦੰਦੇ ਆਰੇ ਦੇ ਕੁਰਬਾਂ ਨੇ ।
ਏਹਨਾਂ ਦੇ ਖੌਲ ਦੇ ਅਗੇ, ਦੇਗਾਂ ਦੇ ਖੌਲ ਹਫ਼ ਟੁੱਟੇ,
ਤੇ ਚਰਖੀ ਢੀ ਫਿਰੀ ਚਰਖ਼ੀ, ਇਹ ਏਹਨਾਂ ਦੀ ਹੀ ਉਚ ਸ਼ਾਂ ਏ ।
ਸਿਆਣੇ ਬੁਝ ਲੈਂਦੇ ਨੇ, ਹੈ ਸਮਝਾਣਾ ਬੜਾ ਅਉਖਾ[6],
ਵਾਹ ਕਾਦਰ ਕੁਦਰਤ ਤੇਰੀ ਵਿਚ, ਕਿੰਨੇ ਹੀ ਰਾਜ਼ ਪਿਨਹਾਂ[6] ਨੇ ।

---

੧: ਜਾਨ । ੨. ਆਪੇ ਦਾ ਵਲਵਲੇ ਨਾਲ ਇਕ-ਮਿਕ ਹੋ ਜਾਣਾ । ੩. ਮਨ-ਘੜਤ ਕਿੱਸਾ । ੪. ਦਾਸਤਾਂ, ਕਹਾਣੀ।
੫. ਤਾਕਤ, ਸ਼ਕਤੀ । ੬. ਛੁਪੇ ਹੋਏ ।

---

[ ਸਫ਼ਾ ੧੫ ਦੇ ਹੇਠ ਛਪੀ ਰੁਬਾਈ ਦੀ ਵਿਆਖਿਆ ]

(੧) ਇਨ੍ਹਾਂ ਦਮਾਂ ਦੀ ਆਵਾ-ਜਾਈ ਦਮ ਦਮ ਕਰ ਕੇ ਹੁੰਦੀ ਹੈ, ਇਕ ਦਮ ਨਹੀਂ ਹੁੰਦੀ ।

ਛਿਨੁ ਛਿਨੁ ਅਉਧ ਬਿਹਾਤੁ ਹੈ, ਫੂਟੈ ਘਟ ਜਿਉ ਪਾਨੀ ॥ [ਤਿਲੰਗ ਮ: ੯

ਅਰਥਾਤ ਇਕ ਇਕ ਦਮ ਕਰ ਕੇ ਸੁਆਸਾਂ ਦੀ ਪੂੰਜੀ ਮੁਕਦੀ ਜਾਂਦੀ ਹੈ, ਇਕੋ ਵਾਰ ਨਹੀਂ ਮੁਕ ਜਾਂਦੀ ।

(੨) ਛਿਨ ਛਿਨ ਠੋਕਰਾਂ ਖਾਧੀਆਂ ਤੇ ਫੇਰ ਛਿਨ ਛਿਨ ਸਾਵਧਾਨ ਹੋਇਆ, ਅਰਥਾਤ ਮੁਸੀਬਤਾਂ ਨਾਲ ਘੋਲ (ਕਸ਼ਮਕਸ਼) ਹੁੰਦਾ ਰਿਹਾ, ਪਰ ਹਫ ਕੇ ਦਮ ਗੁਜ਼ਾਰੇ, ਜੀਵਨ ਕਟਿਆ, ਭਾਵ ਸਹਿਜ-ਸੁਖ ਅਰਾਮ ਪ੍ਰਾਪਤ ਨਾ ਹੋ ਸਕਿਆ, ਘੋਲ ਹੀ ਹੁੰਦਾ ਰਿਹਾ ।

(੩) ਥੋੜਾ ਜਿਹਾ ਸਮਾਂ ਸਾਹ ਲੈ ਕੇ ਭਾਵ ਸਹਿਜ ਸੰਤੋਖ ਵਿਚ ਜੇਕਰ ਟੁਕ-ਦਮ* ਟਿਕਾਉ ਕਰ ਲਵੇਂ ਤਾਂ;

(੪) ਤੇਰੇ ਦਮਾਂ ਦੇ ਮਾਲਕ ਵਾਹਿਗੁਰੂ ਜੀ ਫ਼ੌਰਨ ਤੇਰਾ ਹਫਣਾ-ਟੁਟਣਾ ਮੁਕਾ ਦੇਵਣਗੇ ਅਤੇ ਸਾਹ ਭਾਵ ਸੁਖ ਦੇ ਦੇਣਗੇ, ਨਾਲੇ ਅਗੋਂ ਛਿਨ ਛਿਨ ਜੀਵਨ ਦਾ ਸਹਾਰਾ ਬਣਿਆ ਰਹੇਗਾ ।

(ਦ੍ਰਮ-ਸਾਈਂ—ਦਮਾਂ ਦਾ ਸਾਈਂ ਵਾਹਿਗੁਰੂ । ਯਕ-ਦਮ—ਫ਼ੌਰਨ । ਦਮ ਦੇ—ਸਹਾਰਾ ਦੇਵੇਗਾ, ਹਫਣਾ ਟੁਟਣਾ ਮੁਕਾ ਦੇਵੇਗਾ । ਦਮ-ਦਮ—ਹਰ ਦਮ । ਦਮ ਸਹਾਰੇ—ਦਮਾਂ ਭਾਵ ਜੀਵਨ ਦਾ ਸਹਾਰਾ ਬਣੇਗਾ ।)

---

*ਬੇਦ ਕਤੇਬ ਇਫਤਰਾ ਭਾਈ, ਦਿਲ ਕਾ ਫਿਕਰੁ ਨ ਜਾਇ ॥
ਟੁਕੁ ਦਮੁ ਕਰਾਰੀ ਜਉ ਕਰਹੁ, ਹਾਜਿਰ ਹਜੂਰ ਖੁਦਾਇ ॥ (ਤਿਲੰਗ ਕਬੀਰ ਜੀ
[ਟੁਕੁ ਦਮੁ—ਦਮ ਦਾ ਹਿੱਸਾ । ਕਰਾਰੀ—ਟਿਕਾਉ, ਇਕਾਗਰਤਾ, ਮਨ ਦੀ ਪ੍ਰਤੀਤੀ ਵਿਚ ਆਪੇ ਦਾ ਗੁੰਮ ਜਾਣਾ ।

www.AKJ.Org

# ਗੁਰਬਾਣੀ ਕੰਠ-ਅਭਿਆਸ ਅਤੇ ਜਾਪੁ ਸਾਹਿਬ

[ਵਲੋਂ—ਭਾਈ ਸਾਹਿਬ ਜੋਗਿੰਦਰ ਸਿੰਘ ਜੀ]

ਇਹ ਧਰਤੀ ਧਰਮ ਕਮਾਉਣ ਲਈ ਅਕਾਲ-ਪੁਰਖ ਵਲੋਂ ਸਿਰਜੀ ਗਈ ਅਨੂਠੀ ਧਰਮ-ਸਾਲ ਹੈ। ਮਨੁਖ ਇਸ ਧਰਤੀ ਤੇ ਵਸਦੀ ਸਾਰੀ ਕਾਇਨਾਤ ਦਾ ਸਰਦਾਰ ਹੈ। ਇਸ ਸਰਦਾਰ ਪ੍ਰਾਹੁਣੇ ਦੀ ਪ੍ਰਾਹੁਣਚਾਰੀ ਲਈ ਅਕਾਲ ਪੁਰਖ ਨੇ ਇਸ ਧਰਤੀ ਉਤੇ ਅਮੁਲੇ ਪਦਾਰਥ ਤੇ ਸੁਖ ਅਰਾਮ ਦੇ ਸਾਰੇ ਸਾਧਨ ਪੈਦਾ ਕੀਤੇ ਹੋਏ ਹਨ। ਖਾਣ ਨੂੰ ਛਤੀ ਪਰਕਾਰ ਦੇ ਭੋਜਨ ਹਨ ਅਤੇ ਇਸ ਕਾਰਖ਼ਾਨੇ ਦੀ ਮਾਲਕ (ਮਾਇਆ) ਇਸ ਧਰਤੀ ਦੇ ਸਿਕਦਾਰ ਦੀ ਦਾਸੀ ਥਾਪ ਕੇ ਭੇਜੀ ਹੋਈ ਹੈ। ਇਹ ਵਖਰੀ ਗੱਲ ਹੈ ਕਿ ਮਨੁਖ ਆਪਣੇ ਅਸਲੇ ਦੀ ਪਛਾਣ ਤੋਂ ਵਿਰਵਾ, ਚਸਕਿਆਂ ਦੇ ਅਧੀਨ ਹੋਇਆ, ਆਪਣੀ ਦਾਸੀ ਦਾ ਹੀ ਦਾਸ ਬਣ ਕੇ ਆਪਣੀ ਮਿਟੀ ਪਲੀਤ ਕਰੀ ਜਾ ਰਿਹਾ ਹੈ।

ਜਿਥੋਂ ਤਕ ਮਾਲਿਕ ਪ੍ਰਭੂ ਦਾ ਸਬੰਧ ਹੈ, ਉਸ ਨੇ ਆਪਣੇ ਮਨੁਖ-ਪ੍ਰਾਹੁਣੇ ਲਈ ਕੋਈ ਵਸਤੂ ਲੁਕਾ ਕੇ ਨਹੀਂ ਰਖੀ। ਸਭ ਤੋਂ ਅਮੋਲਕ ਪਦਾਰਥ ਜੋ ਮਨੁਖ ਨੂੰ ਪ੍ਰਮੇਸ਼ਰ ਤੋਂ ਪ੍ਰਾਪਤ ਹੋਇਆ ਹੈ, ਉਹ ਹੈ ਗੁਰ-ਬਾਣੀ। ਗੁਰਬਾਣੀ ਆਤਮਿਕ-ਭੋਜਨ ਹੈ, ਜਿਸ ਵਿਚ ਮਨੁਖ ਦੇ ਰਜੇਵੇਂ ਦਾ ਭੇਤ ਲੁਕਿਆ ਹੋਇਆ ਹੈ, ਜਿਨ੍ਹਾਂ ਵਡਭਾਗੇ ਮਨੁਖਾਂ ਨੇ ਇਸ ਦੈਵੀ-ਖ਼ੁਰਾਕ ਦਾ ਸੇਵਨ ਕੀਤਾ ਹੈ ਉਹਨਾਂ ਦੀਆਂ ਸਾਰੀਆਂ ਭੁਖਾਂ ਮਿਟ ਗਈਆਂ ਹਨ ਅਤੇ ਉਹ ਪੂਰਨ ਤੌਰ ਤੇ ਤ੍ਰਿਪਤ ਹੋ ਗਏ ਹਨ।

ਉਪਰੇ ਦਿਲੋਂ ਕੇਵਲ ਬੁੱਤਾ ਸਾਰਨ ਲਈ ਬਾਣੀ ਪੜ੍ਹਨੀ ਕੁਝ ਹੋਰ ਗੱਲ ਹੈ। ਭਾਵੇਂ ਇਸ ਤਰੀਕੇ ਨਾਲ ਬਾਣੀ ਪੜ੍ਹਨੀ ਤੱਤ ਦੀ ਗੱਲ ਨਹੀਂ, ਪਰ ਫਿਰ ਵੀ ਇਸ ਤਰ੍ਹਾਂ ਵੀ ਨੇਮ ਨਾਲ ਪਾਠ ਕਰੀ ਜਾਣ ਨਾਲ ਮਨ-ਇਛਤ ਫਲ ਸਹਿਜੇ ਹੀ ਪ੍ਰਾਪਤ ਹੋ ਜਾਂਦੇ ਹਨ। ਪਰੰਤੂ ਜੇ ਇਕ-ਮਨ ਇਕ-ਚਿਤ ਸੁਰਤੀ ਟਿਕਾ ਕੇ ਗੁਰਬਾਣੀ ਦਾ ਪਾਠ ਕੀਤਾ ਜਾਏ ਤਾਂ ਇਸ ਵਿਚੋਂ ਨਾਮ-ਰਸ ਦੀ ਪ੍ਰਾਪਤੀ ਹੁੰਦੀ ਹੈ ਤੇ ਕਿਸੇ ਹੋਰ ਚੀਜ਼ ਦੀ ਅਕਾਂਖਿਆ ਹੀ ਨਹੀਂ ਰਹਿੰਦੀ।

ਸਾਡੇ ਪਿਤਾ ਪਿਤਾਮੇ ਨਿਰੰਤਰ ਬਾਣੀ ਦੇ ਪਠਨ ਪਾਠਨ ਦਾ ਅਭਿਆਸ ਕਰਦੇ ਰਹਿੰਦੇ ਸਨ ਤੇ ਬਾਣੀ ਦਾ ਉਚਾਰ ਵੀ ਰਸ ਲੈ ਲੈ ਕੇ ਕਰਦੇ ਸਨ। ਇਹੋ ਕਾਰਨ ਸੀ ਕਿ ਉਹਨਾਂ ਨੂੰ ਬੇਅੰਤ ਬਾਣੀ ਕੰਠਾਗਰ ਸੀ। ਉਹਨਾਂ ਦਾ ਨਿਸਚਾ ਸੀ ਕਿ "ਪੈਸਾ ਗੰਠ ਤੇ ਬਾਣੀ ਕੰਠਿ।"

ਅਜ ਕਲ੍ਹ ਆਮ ਸਜਣ ਆਖਦੇ ਸੁਣੀਦੇ ਹਨ ਕਿ ਉਹਨਾਂ ਨੂੰ ਜਾਪ ਸਾਹਿਬ ਕੰਠ ਨਹੀਂ ਹੁੰਦਾ। ਹਰੇਕ ਦੀ ਆਪੋ ਆਪਣੀ ਕੋਈ ਨ ਕੋਈ ਨਿਜੀ ਕਠਨਾਈ ਹੋਵੇਗੀ, ਪਰ ਜੋ ਕਠਨਾਈ ਅਤੇ ਉਸ ਦਾ ਹਲ ਤਜਰਬੇ ਵਿਚ ਆਇਆ ਹੈ ਉਸ ਦੀ ਪਾਠਕਾਂ ਨਾਲ ਸਾਂਝ ਕਰਨ ਦਾ ਸ਼ਾਇਦ ਕੁਝ ਲਾਭ ਹੋ ਸਕੇ।

ਜਾਪ ਸਾਹਿਬ ਕੰਠ ਕਰਨ ਦਾ ਸਭ ਤੋਂ ਸੌਖਾ ਢੰਗ ਹੈ ਕਿ ਇਸ ਬਾਣੀ ਦਾ ਸੰਗਤੀ ਰੂਪ ਵਿਚ ਜੋਟੀਆਂ ਨਾਲ ਅਗੇ ਪਿਛੇ ਉਚਾਰ ਕੇ ਨਿਤ ਨੇਮ ਕੀਤਾ ਜਾਵੇ। ਇਸ ਬਾਣੀ ਦੀ ਸ਼ਬਦ-ਬਣਤਰ ਅਜਿਹੀ ਵਿਲੱਖਣ ਹੈ ਕਿ ਬੜੀ ਛੇਤੀ ਹੀ ਬਾਣੀ ਮੂੰਹ ਤੇ ਚੜ੍ਹ ਜਾਂਦੀ ਹੈ। ਬਾਕੀ ਬਾਣੀਆਂ ਨਾਲੋਂ ਸ੍ਰੀ ਜਾਪ ਸਾਹਿਬ ਦੀ ਬਾਣੀ ਛੇਤੀ ਕੰਠਾਗਰ ਹੋ ਜਾਂਦੀ ਹੈ। ਬਾਕੀ ਤਾਂ ਸਾਰੀ ਬਾਣੀ ਕੁਝ ਦੇਰ ਵਿਚ ਹੀ ਕੰਠ ਹੋ ਜਾਂਦੀ ਹੈ, ਪਰ ਕਈ ਸ਼ਬਦਾਂ ਦੇ ਇਕੋ ਹੀ ਛੰਦ ਵਿਚ ਜਾਂ ਵਖੋ ਵੱਖਰੇ ਛੰਦਾਂ ਵਿਚ ਬਾਰ ਬਾਰ ਆਉਣ ਕਾਰਨ ਕੁਝ ਕੁ ਅਜਿਹੇ ਮੋੜ ਹਨ ਜਿਥੇ ਆ ਕੇ ਸੁਰਤੀ ਦੀ ਗਡੀ ਦੇ ਡਬੇ ਅਗੇ ਤੋਂ ਪਿਛੇ ਤੇ ਪਿਛੇ ਤੋਂ ਅਗੇ ਹੋ ਜਾਂਦੇ ਹਨ। ਜੇ ਇਹਨਾਂ ਮੋੜਾਂ ਦੀ ਵਿਸ਼ੇਸ਼ ਜਾਣਕਾਰੀ ਅਤੇ ਉਥੇ ਪੁਜ ਕੇ ਸਾਵਧਾਨਤਾ ਕੁਝ ਦੇਰ ਲਈ ਵਰਤੀ ਜਾਵੇ ਤਾਂ ਜਾਪ ਸਾਹਿਬ ਕੰਠ ਹੋਇਆ ਸਮਝੋ। ਉਹ ਮੋੜ ਤਰਤੀਬ-ਵਾਰ ਇਉਂ ਹਨ:—



www.AKJ.Org

| ਨੰਬਰ | ਛੰਦ ਦਾ ਵੇਰਵਾ | ਛੰਦ ਨੰਬਰ ਤੇ ਤੁਕ ਨੰਬਰ | ਤੁਕ ਦਾ ਵੇਰਵਾ ਤੇ ਅਗਾ ਪਿਛਾ, ਜਿਥੇ ਭੁਲੇਖੇ ਦੀ ਸੰਭਾਵਨਾ ਹੋ ਸਕਦੀ ਹੈ ਤੇ ਸਾਵਧਾਨੀ ਦੀ ਲੋੜ ਹੈ। |
|---|---|---|---|
| ੧. (ੳ) | ਭੁਜੰਗ ਪ੍ਰਯਾਤ ਛੰਦ | ੪/੧–੪ | ਨਮਸਤੰ ਅਗੰਜੇ ॥ ਨਮਸਤੰ ਅਭੰਜੇ ॥ |
| | | | ਨਮਸਤੰ ਅਨਾਮੇ ॥ ਨਮਸਤੰ ਅਠਾਮੇ ॥ |
| (ਅ) | ,, | ੮/੧–੪ | ਨਮਸਤੰ ਅਗੰਜੇ ॥ ਨਮਸਤੰ ਅਭੰਜੇ ॥ |
| | | | ਨਮਸਤੰ ਉਦਾਰੇ ॥ ਨਮਸਤੰ ਅਪਾਰੇ ॥ |
| (ੲ) | ,, | ੬੫/੩–੪ | ਨਮਸਤੂੰ ਅਗੰਜੇ ॥ ਨਮਸਤੂੰ ਅਭੰਜੇ ॥ |
| | | ੬੬/੧–੨ | ਨਮਸਤੂੰ ਅਕਾਲੇ ॥ ਨਮਸਤੂੰ ਅਪਾਲੇ ॥ |
| ੨. (ੳ) | ਭੁਜੰਗ ਪ੍ਰਯਾਤ ਛੰਦ | ੪੪/੧–੪ | ਨਮੋ ਸਰਬ ਮਾਨੇ ॥ ਸਮਸਤੀ ਨਿਧਾਨੇ ॥ |
| | | | ਨਮੋ ਦੇਵ ਦੇਵੇ ॥ ਅਭੇਖੀ ਅਭੇਵੇ ॥ |
| (ਅ) | ,, | ੬੪/੩–੪ | ਨਮੋ ਸਰਬ ਮਾਨੇ ॥ ਸਮਸਤੀ ਨਿਧਾਨੇ ॥ |
| | | ੬੫/੧–੨ | ਨਮਸਤੂੰ ਨ੍ਰਿਨਾਥੇ ॥ ਨਮਸਤੂੰ ਪ੍ਰਮਾਥੇ ॥ |
| ੩. (ੳ) | ਭੁਜੰਗ ਪ੍ਰਯਾਤ ਛੰਦ | ੫੮/੧–੨ | ਸਦਾ ਸਚਦਾਨੰਦ ਸਰਬੰ ਪ੍ਰਣਾਸੀ ॥ |
| | | | ਅਨੂਪੇ ਅਰੂਪੇ ਸਮਸਤੁਲ ਨਿਵਾਸੀ ॥ |
| (ਅ) | ,, | ੧੯੮/੧–੨ | ਸਦਾ ਸਚਿਦਾ ਨੰਦ ਸਤ੍ਰੰ ਪ੍ਰਣਾਸੀ ॥ |
| | | | ਕਰੀਮੁਲ ਕੁਨਿੰਦਾ ਸਮਸਤੁਲ ਨਿਵਾਸੀ ॥ |
| ੪. (ੳ) | ਚਰਪਟ ਛੰਦ | ੭੭/੧–੪ | ਸਰਬੰ ਪ੍ਰਾਣੰ ॥ ਸਰਬੰ ਤ੍ਰਾਣੰ ॥ |
| | | | ਸਰਬੰ ਭੁਗਤਾ ॥ ਸਰਬੰ ਜੁਗਤਾ ॥ |
| (ਅ) | ,, | ੧੪੩/੩–੪ | ਸਰਬੰ ਪ੍ਰਾਣੰ ॥ ਸਰਬੰ ਤ੍ਰਾਣੰ ॥ |
| | | ੧੪੪/੧–੪ | ਸਰਬੰ ਕਰਮੰ ॥ ਸਰਬੰ ਧਰਮੰ ॥ |
| | | | ਸਰਬੰ ਜੁਗਤਾ ॥ ਸਰਬੰ ਮੁਕਤਾ ॥ |
| ੫. (ੳ) | ਰੂਆਲ ਛੰਦ ਤ੍ਵਪ੍ਰਸਾਦਿ ॥ | ੭੯/੧ | ਆਦਿ ਰੂਪ ਅਨਾਦਿ ਮੂਰਤਿ ਅਜੋਨਿ ਪੁਰਖ ਅਪਾਰ ॥ |
| (ਅ) | ,, | ੮੦/੨ | ਆਦਿ ਪੁਰਖ ਉਦਾਰ ਮੂਰਤਿ ਅਜੋਨਿ ਆਦਿ ਅਸੇਖ ॥ |
| | | ੮੩/੨ | ਆਦਿ ਦੇਵ ਅਨਾਦਿ ਮੂਰਤਿ ਥਾਪਿਓ ਸਬੈ ਜਿੰਹ ਥਾਪਿ ॥ |
| (ੲ) | | ੭੯/੪ | ਜਤ੍ਰ ਤਤ੍ਰ ਬਿਰਾਜਹੀ ਅਵਧੂਤ ਰੂਪ ਰਸਾਲ ॥ |
| | | ੮੦/੪ | ਜਤ੍ਰ ਤਤ੍ਰ ਦਿਸਾ ਵਿਸਾ ਹੁਇ ਫੈਲਿਓ ਅਨੁਰਾਗ ॥ |
| ੬. (ੳ) | ਰਵਾਲ ਛੰਦ ਤ੍ਵ ਪ੍ਰਸਾਦਿ | ੮੪/੪ | ਗਰਬ ਗੰਜਨ ਦੁਸਟ ਭੰਜਨ ਮੁਕਤਿ ਦਾਇਕ ਕਾਮ ॥ |
| | | ੮੫/੨ | ਗਰਬ ਗੰਜਨ ਸਰਬ ਭੰਜਨ ਆਦਿ ਰੂਪ ਅਸੂਤ ॥ |
| (ਅ) | ,, | ੮੦/੧ | ਨਾਮ ਠਾਮ ਨ ਜਾਤਿ ਜਾਕਰ ਰੂਪ ਰੰਗ ਨ ਰੇਖ ॥ |
| | | ੮੧/੧ | ਨਾਮ ਕਾਮ ਬਿਹੀਨ ਪੇਖਤ ਧਾਮ ਹੂੰ ਨਹਿ ਜਾਹਿ ॥ |
| (ੲ) | | ੭੯/੨ | ਸਰਬ ਮਾਨ ਤ੍ਰਿਮਾਨ ਦੇਵ ਅਭੇਵ ਆਦਿ ਉਦਾਰ ॥ |
| | | ੮੧/੨ | ਸਰਬ ਮਾਨ ਸਰਬਤ੍ਰ ਮਾਨ ਸਦੈਵ ਮਾਨਤ ਤਾਹਿ ॥ |
| ੭. (ੳ) | ਮਧੁਭਾਰ ਛੰਦ ਤ੍ਵਪ੍ਰਸਾਦਿ | ੮੭/੧–੪ | ਗੁਨ ਗਨ ਉਧਾਰ ॥ ਮਹਿਮਾ ਅਪਾਰ ॥ |
| | | | ਆਸਨ ਅਭੰਗ ॥ ਉਪਮਾ ਅਨੰਗ ॥ |



www.AKJ.Org

(ਅ) ,, ੧੬੧/੧–੪ ਮੁਨਿ ਮਨਿ ਪ੍ਰਨਾਮ ॥ ਗੁਨਿ ਗਨ ਮੁਦਾਮ ॥
ਅਰਿ ਬਰ ਅਗੰਜ ॥ ਹਰਿਨਰ ਪ੍ਰਭੰਜ ॥

੮. (ੳ) ਮਧੁਭਾਰ ਛੰਦ ੮੮/੧–੨ ਅਨਭਉ ਪ੍ਰਕਾਸ ॥ ਨਿਸਦਿਨ ਅਨਾਸ ॥
(ਅ) ,, ੧੬੩/੧–੨ ਅਨਭਵ ਅਨਾਸ ॥ ਮੁਨਿ ਮਨਿ ਪ੍ਰਕਾਸ ॥
(ੲ) ,, ੧੬੬/੧–੨ ਅਨਭਵ ਅਨਾਸ ॥ ਧ੍ਰਿਤ ਧਰ ਧੁਰਾਸ ॥

੯. (ੳ) ,, ੮੮/੩–੪ ਆਜਾਨ ਬਾਹੁ ॥ ਸਾਹਾਨ ਸਾਹੁ ॥
(ਅ) ,, ੧੬੬/੩–੪ ਆਜਾਨ ਬਾਹੁ ॥ ਏਕੈ ਸਦਾਹੁ ॥

੧੦. (ੳ) ਮਧੁਭਾਰ ਛੰਤ ੯ /੧–੨ ਮੁਨਿ ਗਨ ਪ੍ਰਨਾਮ ॥ ਨਿਰਭੈ ਨ੍ਰਿਕਾਮ ॥
(ਅ) ,, ੧੬੧/੧ ਮੁਨਿ ਮਨਿ ਪ੍ਰਨਾਮ ॥ ਗੁਨਿ ਗਨ ਮੁਦਾਮ ॥

੧੧. (ੳ) ਭਗਤਵੰਤੀ ਛੰਤ ਤ੍ਵਪ੍ਰਸਾਦਿ ਕਥਤੇ ੧੦੩/੧–੨ ਕਿ ਆਛਿੱਜ ਦੇਸੈ ॥ ਕਿ ਆਭਿੱਜ ਭੇਸੈ ॥
(ਅ) ਭਗਵਤੀ ਛੰਤ ਤ੍ਵ ਪ੍ਰਸਾਦਿ ॥ ੧੫੦/੧–੨ ਕਿ ਜ਼ਾਹਰ ਜ਼ਹੂਰ ਹੈ ॥ ਕਿ ਹਾਜ਼ਰ ਹਜ਼ੂਰ ਹੈ ॥

੧੨. (ੳ) ਭਗਵਤੀ ਛੰਦ ਤ੍ਵ ਪ੍ਰਸਾਦਿ ਕਥਤੇ ੧੦੯/੩–੪ ਕਿ ਕਾਰਨ ਕੁਨਿੰਦ ਹੈ ॥ ਕਿ ਰੋਜ਼ੀ ਦਿਹੰਦ ਹੈ ॥
(ਅ) ਭਗਵਤੀ ਛੰਦ ਤ੍ਵ ਪ੍ਰਸਾਦਿ ॥ ੧੫੨/੧–੨ ਕਿ ਰੋਜ਼ੀ ਦਿਹਿੰਦ ਹੈ ॥ ਕਿ ਰਾਜ਼ਕ ਰਹਿੰਦ ਹੈ ॥

੧੩. (ੳ) ਭਗਵਤੀ ਛੰਦ ਤ੍ਵਪ੍ਰਸਾਦਿ ਕਥਤੇ ੧੨੮/੩–੪ ਅਨੰਗੀ ਅਨਾਮੇ ॥ ਤ੍ਰਿਭੰਗੀ ਤ੍ਰਿਕਾਮੇ ॥
੧੨੯/੧–੨ ਤ੍ਰਿਬਰਗੰ ਤ੍ਰਿਬਾਧੇ ॥ ਅਗੰਜੇ ਅਗਾਧੇ ॥
(ਅ) 'ਰਸਾਵਲ ਛੰਦ' ਤ੍ਵਪ੍ਰਸਾਦਿ ੧੪੭/੧–੪ ਅਨੰਗੀ ਅਨਾਮੇ ॥ ਤ੍ਰਿਭੰਗੀ ਤ੍ਰਿਕਾਮੇ ॥
ਨ੍ਰਿਭੰਗੀ ਸਰੂਪੇ ॥ ਸਰਬੰਗੀ ਅਨੂਪੇ ॥

੧੪. (ੳ) ਭਗਵਤੀ ਛੰਦ ਤ੍ਵਪ੍ਰਸਾਦਿ ਕਥਤੇ ੧੩੦/੩–੪ ਕਿ ਨਰਕੰ ਪ੍ਰਣਾਸ ਹੈਂ ॥ ਪ੍ਰਿਥੀਉਲ ਪ੍ਰਵਾਸ ਹੈਂ ॥
(ਅ) ਭਗਵਤੀ ਛੰਦ ਤ੍ਵਪ੍ਰਸਾਦਿ ੧੫੫/੩–੪ ਕਿ ਨਰਕੰ ਪ੍ਰਣਾਸ ਹੈਂ ॥ ਬਹਿਸਤੁਲ ਨਿਵਾਸ ਹੈਂ ॥

੧੫. "ਭਗਵਤੀ ਛੰਦ ਕਥਤੇ" ਸਿਰਲੇਖ ਥਲੇ ਛੰਦ ਵਿਚ, ਛੰਦ ਨੰਬਰ ੧੧੨/੧-੨, ੧੧੪/੧-੨ ਅਤੇ ੧੧੭/੩–੪ ਵਿਚ ਥਲੇ ਲਿਖੀਆਂ ਤੁਕਾਂ ਤਿੰਨ ਵਾਰੀ ਆਉਂਦੀਆਂ ਹਨ—

ਕਿ ਸਰਬੱਤ੍ਰ ਦੇਸੈ ॥ ਕਿ ਸਰਬੱਤ੍ਰ ਭੇਸੈ ॥

ਏਥੇ ਵੀ ਸਾਵਧਾਨੀ ਦੀ ਲੋੜ ਹੈ । ਚੇਤੇ ਰਖਣ ਵਾਲੀ, ਇਹ ਗਲ ਹੈ ਕਿ ਉਪ੍ਰੋਕਤ ਤੁਕ ਦੇ ਪਹਿਲੀ ਦੂਜੀ ਅਤੇ ਤੀਜੀ ਵਾਰ ਆਉਣ ਮਗਰੋਂ ਕਰਮਵਾਰ ਹੇਠ ਲਿਖੀਆਂ ਤੁਕਾਂ ਆਉਂਦੀਆਂ ਹਨ—

ਪਹਿਲੀ ਵਾਰ ਮਗਰੋਂ :—ਕਿ ਸਰਬੱਤ੍ਰ ਰਾਜੇ ॥ ਕਿ ਸਰਬੱਤ੍ਰ ਸਾਜੇ ॥
ਦੂਜੀ ਵਾਰ ਮਗਰੋਂ :—ਕਿ ਸਰਬੱਤ੍ਰ ਕਾਲੈ ॥ ਕਿ ਸਰਬੱਤ੍ਰ ਪਾਲੈ ॥
ਤੀਜੀ ਵਾਰ ਮਗਰੋਂ :—ਕਿ ਸਰਬੱਤ੍ਰ ਮਾਨਿਯੈ ॥ ਸਦੈਵੰ ਪ੍ਰਧਾਨਿਯੈ ॥

੧੬. ਛੰਦ ਨੰਬਰ ੧੩੧ ਅਤੇ ੧੩੨ ਵਿਚ ਫੇਰ ਸਾਵਧਾਨੀ ਦੀ ਲੋੜ ਹੈ ਜੀ ।

੧੭. 'ਹਰਿ ਬੋਲ ਮਨਾ' ਛੰਦ ਦੇ ਸਿਰਲੇਖ ਥਲੇ ਛੰਦ ਨੰਬਰ ੧੭੭ ਤੋਂ ਲੈ ਕੇ ੧੮੦ ਤਕ ਤੁਕਾਂ ਨਾਲ ਜਾਣ ਪਛਾਣ ਕਰਕੇ ਥੋੜੇ ਜਹੇ ਅਭਿਆਸ ਨਾਲ ਛੇਤੀ ਹੀ ਸਫਲਤਾ ਹੋ ਸਕਦੀ ਹੈ ।


www.AKJ.Org

# ਅਭਖੁ ਭਖਹਿ ਭਖੁ ਤਜਿ ਛੋਡਹਿ
## ਅੰਧੁ ਗੁਰੂ ਜਿਨ ਕੇਰਾ ॥

[ਵਲੋਂ—ਸ. ਅਮਰਜੀਤ ਸਿੰਘ ਜੀ ਡਰਾਫ਼ਟਸਮੈਨ, ਦੀਮਾਪੁਰ]

ਮਾਸਾਹਾਰੀ, ਮਾਸ ਖਾਣ ਦੇ ਹੱਕ ਵਿਚ "ਮਾਸੁ ਮਾਸੁ ਕਰਿ ਮੂਰਖੁ ਝਗੜੇ" ਵਾਲੇ ਗੁਰਵਾਕ ਦੇ ਮਨ-ਘੜਤ ਅਰਥ ਕਰ ਕੇ ਇਹ ਸਿੱਧ ਕਰਦੇ ਹਨ ਕਿ ਮਾਸ ਖਾਣਾ ਗੁਰਬਾਣੀ ਵਿਚ ਜਾਇਜ਼ ਦਸਿਆ ਗਿਆ ਹੈ, ਹਾਲਾਂਕਿ ਇਸ ਗੁਰਵਾਕ ਦੀ ਕਿਸੇ ਪੰਗਤੀ ਵਿਚੋਂ ਇਹ ਸਿਧ ਨਹੀਂ ਹੁੰਦਾ ਕਿ ਗੁਰੂ ਸਾਹਿਬ ਨੇ ਮਾਸ ਖਾਣ ਦੀ ਆਗਿਆ ਕੀਤੀ ਹੈ।

ਇਸ ਗੁਰਵਾਕ ਦੀ ਇਕੋ ਪੰਗਤੀ ਤੋਂ ਹੀ ਇਥੇ ਇਹ ਸਿੱਧ ਕਰ ਦੇਣਾ ਉਚਿਤ ਹੋਵੇਗਾ ਕਿ ਮਾਸ ਖਾਣ ਦੇ ਹੱਕ ਵਿਚ ਜੋ ਅਰਥ ਕੀਤੇ ਜਾਂਦੇ ਹਨ ਉਹ ਗ਼ਲਤ ਹਨ।

"ਅਭਖੁ ਭਖਹਿ ਭਖੁ ਤਜਿ ਛੋਡਹਿ, ਅੰਧੁ ਗੁਰੂ ਜਿਨ ਕੇਰਾ ॥" [ਪੰਨਾ ੧੨੯੦

ਇਸ ਪੰਗਤੀ ਦਾ ਅਰਥ ਮਾਸਾਹਾਰੀ ਸਜਣ ਇਸ ਤਰ੍ਹਾਂ ਕਰਦੇ ਹਨ :—

ਜਿਨ੍ਹਾਂ ਦਾ ਗੁਰੂ ਅੰਧੁਲਾ (ਅੰਨ੍ਹਾ) ਹੈ ਉਹ ਨਾ ਖਾਣ ਯੋਗ ਵਸਤੂ ਖਾਂਦੇ ਹਨ ਅਤੇ ਖਾਣ ਯੋਗ ਵਸਤੂ (ਮਾਸ) ਛਡ ਦੇਂਦੇ ਹਨ।

ਇਸਤੋਂ ਉਲਟ ਮਾਸ ਖਾਣ ਦੇ ਵਿਰੋਧੀ ਸਜਣ ਇਸ ਪੰਗਤੀ ਦੇ ਇਹ ਅਰਥ ਕਰਦੇ ਹਨ—ਜਿਨ੍ਹਾਂ ਦਾ ਗੁਰੂ ਅੰਨ੍ਹਾ ਹੈ ਉਹ ਨਾ ਖਾਣ ਯੋਗ ਵਸਤੂ (ਮਾਸ) ਖਾਂਦੇ ਹਨ ਅਤੇ ਖਾਣ ਯੋਗ ਵਸਤੂ ਛਡ ਦਿੰਦੇ ਹਨ।

ਮਾਸਾਹਾਰੀ ਸਜਣ ਮਾਸ ਨੂੰ ਭਖ (ਖਾਣ ਯੋਗ ਵਸਤੂ) ਦਸਦ ਹਨ, ਜਦ ਕਿ ਮਾਸ ਖਾਣਾ ਮਨੁਖ ਲਈ ਨਾਜਾਇਜ਼ ਦਸਣ ਵਾਲੇ ਸਜਣ ਮਾਸ ਨੂੰ ਅਭਖ (ਨਾ ਖਾਣ ਯੋਗ ਵਸਤੂ) ਦਸਦੇ ਹਨ।

ਸਿਖ (ਖ਼ਾਲਸਾ) ਪੰਥ ਵਿਚ ਪਰੰਪਰਾ ਤੋਂ ਚਲੀ ਆ ਰਹੀ ਮਰਯਾਦਾ, ਇਤਿਹਾਸਕ ਗਵਾਹੀਆਂ ਅਤੇ ਵਰਤਮਾਨ ਵਿਚ ਵਰਤ ਰਹੇ (ਪ੍ਰਤਖ ਨੂੰ ਪ੍ਰਮਾਣ ਕੀ ?) ਅਨੁਸਾਰ ਮਾਸ ਨੂੰ ਅਭਖ ਵਸਤੂ ਦਸਣ ਵਾਲੇ ਅਰਥ ਬਿਲਕੁਲ ਦਰੁਸਤ ਹਨ! ਉਹ ਇਸ ਤਰ੍ਹਾਂ ਕਿ ਗੁਰੂ ਕੇ ਲੰਗਰ ਦੇ ਦਰਸ਼ਨ ਕਰੋ। ਉਥੇ ਮਾਸ ਕਦੇ ਨਹੀਂ ਬਣਦਾ। ਲੰਗਰ ਵਿਚ ਮਾਸ ਬਣਾਉਣ ਦੀ ਮਨਾਹੀ ਇਸ ਗੱਲ ਦਾ ਪਰਤੱਖ ਸਬੂਤ ਹੈ ਕਿ ਗੁਰੂ ਸਾਹਿਬ ਨੇ ਮਾਸ ਖਾਣਾ ਮਨੁਖ ਮਾਤਰ ਲਈ ਵਰਜਿਤ ਕੀਤਾ ਹੈ, ਕਿਉਂਕਿ ਗੁਰੂ ਕੇ ਲੰਗਰ ਵਿਚੋਂ ਹਰ ਇਨਸਾਨ ਭੋਜਨ ਛਕ ਸਕਦਾ ਹੈ। ਇਸ ਸੰਬੰਧ ਵਿਚ ਮਾਸਾਹਾਰੀ ਸਜਣ ਇਹ ਦਲੀਲ ਦੇਂਦੇ ਹਨ ਕਿ ਗੁਰੂ ਕੇ ਲੰਗਰ ਵਿਚ ਮਾਸ ਦੀ ਮਨਾਹੀ ਕਰਨ ਦਾ ਗੁਰੂ ਸਾਹਿਬ ਵਲੋਂ ਹੁਕਮ ਇਸ ਲਈ ਦਿਤਾ ਗਿਆ ਕਿਉਂਕਿ ਗੁਰੂ ਕਾ ਲੰਗਰ ਸਭਨਾਂ ਲਈ ਸਾਂਝਾ ਹੈ, ਇਸ ਲਈ ਜਿਹੜੇ ਦੂਜੇ ਮਤਾਂ-ਮਤਾਂਤਰਾ ਦੇ (ਜੈਨ, ਵੈਸ਼ਨੋ ਆਦਿਕ) ਲੋਕ ਹਨ ਉਹ ਵੀ ਗੁਰੂ ਕੇ ਲੰਗਰ ਵਿਚੋਂ ਭੋਜਨ ਛੱਕ ਸਕਣ।

ਗੁਰਬਾਣੀ ਵਿਚ "ਉਪਦੇਸ ਚਹੁ ਵਰਨਾ ਕਉ ਸਾਂਝਾ" ਅਨੁਸਾਰ ਮਨੁਖ ਮਾਤਰ ਲਈ ਸਾਂਝਾ ਉਪਦੇਸ਼ ਹੈ। ਜੇਕਰ ਗੁਰੂ ਸਾਹਿਬ ਸਿੱਖ ਲਈ ਇਕ ਵਸਤੂ ਭਖ ਦਸਦੇ ਹਨ ਤਾਂ ਦੂਜੇ ਧਰਮ ਦੇ ਕਿਸੇ ਵਿਅਕਤੀ ਲਈ ਉਸੇ ਵਸਤੂ ਨੂੰ ਅਭਖ ਨਹੀਂ ਦਸ ਸਕਦੇ । ਗੁਰਬਾਣੀ ਦਾ ਉਪਦੇਸ਼ ਮਨੁਖ ਮਾਤਰ ਦੀ ਸਾਂਝ ਲਈ ਹੈ, ਨਾ ਕਿ ਜੈਨ, ਵੈਸ਼ਨੋ ਆਦਿਕ ਹੋਰ ਅਨੇਕਾਂ ਮਤਾਂ ਦੇ ਵਖਰੇਵਿਆਂ ਲਈ। ਜੇਕਰ ਮਾਸ ਭਖ (ਖਾਣ ਯੋਗ ਵਸਤੂ) ਹੁੰਦੀ ਤਾਂ ਗੁਰੂ ਸਾਹਿਬ ਉਸ ਭਖ ਵਸਤੂ ਦਾ ਲੰਗਰ ਵਿਚ ਨਿਸ਼ੇਧ ਨ ਕਰਦੇ। ਮਾਸਾਹਾਰੀਆਂ ਦੀ ਦਲੀਲ ਇਥੇ ਬੇਕਾਰ ਹੋ ਜਾਂਦੀ ਹੈ, ਜਦਕਿ ਇਹ ਮਸ ਦੇ ਪੱਖੀ ਸਜਣ "ਅਭਖੁ ਭਖਹਿ ਭਖੁ ਤਜਿ ਛੋਡਹਿ, ਅੰਧੁ ਗੁਰੂ ਜਿਨ ਕੇਰਾ" ਵਾਲੀ ਪੰਗਤੀ ਦਾ ਅਰਥ ਉਪਰ ਲਿਖੇ ਅਨੁਸਾਰ ਕਰਦੇ ਹਨ ਤਾਂ ਉਹ "ਅੰਧੁ ਗੁਰੂ ਜਿਨ ਕੇਰਾ" ਵਿਚ ਦਸੇ ਗਏ ਅੰਨ੍ਹੇ ਹੋਣ ਵਾਲੇ ਦੋਸ਼ ਨੂੰ ਆਪ ਅਭਖ ਵਸਤੂ ਨੂੰ ਭਖ ਕੇ ਅਨਭੋਲ ਹੀ ਪੂਰਨ ਗੁਰੂ ਜੋਤ ਤੇ ਹੀ ਲਾ ਬੈਠਦੇ ਹਨ ਅਤੇ ਅਪਰਾਧੀ ਬਣਦੇ ਹਨ। ਗੁਰੂ ਕੇ ਲੰਗਰ ਵਿਚ ਮਾਸ ਤਜ ਛੋਡਣ ਦਾ (ਕਦੇ ਨਾ ਬਨਾਉਣ ਦਾ ਉਪਦੇਸ਼ ਆਪ ਗੁਰੂ



www.AKJ.Org

ਸਾਹਿਬ ਦੇ ਗਏ । ਭਾਵ ਇਹ ਕਿ ਗੁਰੂ ਸਾਹਿਬ ਅਨੁਸਾਰ ਭਖ (ਖਾਣ ਯੋਗ) ਵਸਤੂ ਮਾਸ ਨਹੀਂ, ਬਲਕਿ ਮਾਸ ਅਭਖ ਵਸਤੂ ਹੈ, ਜਿਸਦੇ ਛੱਡਣ ਦਾ ਹੁਕਮ ਗੁਰੂ ਸਾਹਿਬ ਵਲੋਂ ਗੁਰੂ ਕੇ ਲੰਗਰ ਵਿਚ ਅਜ ਤਕ ਮੰਨਿਆ ਜਾ ਰਿਹਾ ਹੈ । ਗੁਰੂ ਸਾਹਿਬਾਨ ਆਪ ਵੀ ਭੋਜਨ ਲੰਗਰ ਵਿਚੋਂ ਹੀ ਛਕਦੇ ਸਨ; ਉਹਨਾਂ ਲਈ ਕਿਸੇ ਜਗ੍ਹਾ ਕੋਈ ਵਖਰਾ (ਸਪੈਸ਼ਲ) ਭੋਜਨ ਤਿਆਰ ਨਹੀਂ ਸੀ ਕੀਤਾ ਜਾਂਦਾ, ਜਿਸ ਵਿਚ ਮਾਸ ਬਣਦਾ ਹੋਵੇ । ਸੋ ਕਿਸੇ ਵੀ ਗੁਰੂ ਵਿਅਕਤੀ (ਦਸਾਂ ਗੁਰੂ ਸਾਹਿਬਾਨ) ਨੇ (ਘਟੋ-ਘਟ) ਗੁਰਿਆਈ ਤੋਂ ਲੈ ਕੇ ਸਾਰੀ ਆਯੂ ਪਰਯੰਤ ਕਦੇ ਵੀ ਮਾਸ ਨਹੀਂ ਖਾਧਾ, ਕਿਉਂਕਿ ਉਹ ਭੋਜਨ ਲੰਗਰ ਵਿਚ ਛਕਦੇ ਸਨ । ਜੋ ਸਜਣ ਕਹਿੰਦੇ ਹਨ ਕਿ ਗੁਰੂ ਸਾਹਿਬ ਨੇ ਮਾਸ ਖਾਧਾ, ਉਹ ਗ਼ਲਤ-ਬਿਆਨੀ ਕਰ ਕੇ ਗੁਰੂ-ਨਿੰਦਕ ਬਣਦੇ ਹਨ ।

ਇਕ ਪੰਥ ਪ੍ਰਸਿਧ ਲੇਖਕ ਨੇ ਇਕ ਇਤਿਹਾਸਕ ਪੁਸਤਕ ਵਿਚ ਲਿਖਿਆ ਹੈ ਕਿ ਸਿਖਾਂ ਲਈ ਮਾਸ ਖਾਣਾ ਵਰਜਿਤ ਨਹੀਂ ਹੈ, ਪਰ ਨਾਲ ਹੀ ਇਹੋ ਲੇਖਕ ਇਹ ਲਿਖਣੋਂ ਵੀ ਨਹੀਂ ਰਹਿ ਸਕਿਆ ਕਿ "ਮਾਸ ਪਵਿੱਤਰ ਖ਼ੁਰਾਕ ਨਹੀਂ ਹੈ ।" ਹੁਣ ਇਹ ਗੱਲ ਜ਼ਰਾ ਕੁ ਧਿਆਨ ਨਾਲ ਸੋਚਣ ਵਾਲੀ ਹੈ ਕਿ ਜੇ ਮਾਸ ਅਪਵਿੱਤਰ ਵਸਤੂ ਹੈ ਤਾਂ ਕੀ ਇਹ ਕਦੇ ਹੋ ਸਕਦਾ ਹੈ ਕਿ ਗੁਰੂ ਸਾਹਿਬ ਨੇ ਕਦੇ ਆਪ ਅਪਵਿੱਤਰ ਵਸਤੂ ਖਾਧੀ ਹੋਵੇ ਤੇ ਆਪਣੇ ਸਿੱਖਾਂ ਨੂੰ ਅਪਵਿੱਤਰ ਵਸਤੂ ਖਾਣ ਤੋਂ ਨਾ ਵਰਜਿਆ ਹੋਵੇ । ਕਰਣੀ ਤੇ ਕਥਨੀ ਦੇ ਪੂਰੇ-ਸੂਰੇ ਸਤਿਗੁਰੂ ਜੀਉ ਦੀ ਬਾਣੀ ਤਾਂ ਇਹ ਕਹਿੰਦੀ ਹੈ :—

"ਬਾਬਾ ਹੋਰੁ ਖਾਣਾ ਖੁਸੀ ਖੁਆਰੁ ॥ ਜਿਤੁ ਖਾਧੈ ਤਨੁ ਪੀੜੀਐ ਮਨ ਮਹਿ ਚਲਹਿ ਵਿਕਾਰ ॥"

ਅਤੇ "ਜਿਉ ਕੂਕਰੁ ਹਰਕਾਇਆ ਧਾਵੈ ਦਹਦਿਸ ਜਾਇ ॥ ਲੋਭੀ ਜੰਤੁ ਨ ਜਾਣਈ ਭਖੁ ਅਭਖੁ ਸਭ ਖਾਇ ॥"

ਜੀਭ ਦੇ ਚਸਕੇ ਵਾਲੇ ਲੋਭੀ ਮਨੁੱਖ ਮਾਸ ਜਿਹੀ ਅਭਖ (ਅਪਵਿੱਤਰ) ਵਸਤੂ ਖਾਂਦੇ ਹਨ । ਕਿਤੇ ਮਨੁੱਖ ਜੀਭ ਦੇ ਚਸਕੇ ਪਿਛੇ ਲੋਭੀ ਅਤੇ ਹਲਕਾਏ ਕੁਤੇ ਵਾਂਗੂ ਨਾ ਹੋ ਜਾਵੇ, ਇਸ ਲਈ ਗੁਰੂ ਮਹਾਰਾਜ ਨੂੰ ਅਪਵਿੱਤਰ ਵਸਤੂ ਛਕਣ ਤੋਂ ਅਵਸ਼ ਹੀ ਮਨ੍ਹਾ ਕਰਨਾ ਪਿਆ ।

ਬਹੁਤੀ ਥਾਈਂ ਇਸ ਤਰ੍ਹਾਂ ਦੇਖਿਆ ਗਿਆ ਹੈ ਕਿ ਬਹੁਤ ਸਾਰੇ ਸਿੱਖ ਭਾਵੇਂ ਆਪ ਮਾਸ ਖਾਂਦੇ ਹਨ, ਪਰ ਉਹ ਕਿਸੇ ਗੁਰਦੁਆਰਾ ਸਾਹਿਬ ਦੇ ਗ੍ਰੰਥੀ ਦਾ ਮਾਸਾਹਾਰੀ ਹੋਣਾ ਚੰਗਾ ਨਹੀਂ ਸਮਝਦੇ । ਕਿਸੇ ਮਾਸਾਹਾਰੀ ਗ੍ਰੰਥੀ, ਪਰਚਾਰਕ ਜਾਂ ਕੀਰਤਨੀਏ ਸਜਣ ਦੇ ਵਿਰੁੱਧ ਜਦੋਂ ਕੋਈ ਗੱਲ ਸਿਖ ਜਨਤਾ ਵਿਚ ਬਾਹਰ ਨਿਕਲਦੀ ਹੈ ਤਾਂ ਉਸ ਸਮੇਂ ਹੋਰ ਗੱਲਾਂ ਨਾਲ ਉਸਦੇ ਮਾਸਾਹਾਰੀ ਹੋਣ ਕਰਕੇ ਵੀ ਨਿੰਦਾ ਹੁੰਦੀ ਹੈ ।

ਕੀ ਸਾਡਾ ਧਰਮ ਕੇਵਲ ਗੁਰਦੁਆਰੇ ਸਾਹਿਬ ਅੰਦਰ ਹੀ ਸੀਮਤ ਹੈ ? ਧਰਮ ਤਾਂ ਜੀਵਨ ਦੇ ਹਰ ਖੇਤਰ ਵਿਚ, ਕੰਮ-ਕਾਜ ਵਰਤੋਂ ਵਿਹਾਰ ਵਿਚ ਸਦਾ ਨਾਲ ਨਿਭਣ ਵਾਲੀ ਚੀਜ਼ ਹੈ । ਸਿਖਾਂ ਵਿਚ ਜਾਤ-ਪਾਤ, ਬ੍ਰਾਹਮਣ, ਪਰੋਹਿਤਵਾਦ ਜਾਂ ਪੁਜਾਰੀਵਾਦ ਵਾਲੀ ਕੋਈ ਗੱਲ ਨਹੀਂ । ਹਰ ਸਿਖ ਸੇਵਾਦਾਰ ਹੈ । ਮਨ, ਬਚ, ਕਰਮ ਕਰਕੇ ਪਵਿੱਤਰ ਰਹਿਣਾ ਕੇਵਲ ਗ੍ਰੰਥੀ, ਕੀਰਤਨੀਏ ਜਾਂ ਪਰਚਾਰਕ ਲਈ ਹੀ ਲਾਜ਼ਮੀ ਨਹੀਂ ਬਲਕਿ ਹਰ ਇਕ ਸਿਖ ਲਈ ਲਾਜ਼ਮੀ ਹੈ ।

ਕੁਝ ਸਿਖ ਇਸ ਤਰ੍ਹਾਂ ਦੇ ਵੀ ਵੇਖੇ ਗਏ ਹਨ ਕਿ ਜਿਸ ਦਿਨ ਮਾਸ ਖਾ ਲੈਂਦੇ ਹਨ ਉਸ ਦਿਨ ਗੁਰਦੁਆਰੇ ਸਾਹਿਬ ਦੇ ਅੰਦਰ ਆਉਣ ਤੋਂ ਵੀ ਸੰਕੋਚ ਕਰਦੇ ਹਨ । ਇਹ ਵੀ ਸਮਝਣ ਵਾਲੀ ਗੱਲ ਹੈ ਕਿ ਜਿਸ ਵਸਤੂ ਨੂੰ ਅਪਵਿੱਤਰ ਆਖਿਆ ਜਾਵੇ ਉਸਨੂੰ ਖਾ ਕੇ ਗੁਰਦੁਆਰੇ ਮੱਥਾ ਟੇਕਣ ਤੇ ਦਰਸ਼ਨ ਕਰਨ ਤੋਂ ਆਤਮਾ ਸੰਕੋਚ ਕਰਦੀ ਹੋਵੇ; ਉਹ ਕੈਸੀ ਘ੍ਰਿਣਤ ਤੇ ਤਜ ਛੋਡਣ ਵਾਲੀ ਚੀਜ਼ ਹੈ ।

ਇਕ ਥਾਂ ਹੋ ਰਹੇ ਅਖੰਡਪਾਠ ਸਮੇਂ ਇਕ ਜਾਣੂ ਪਛਾਣੂ ਸਜਣ ਆ ਪੁਜੇ, ਜੋ ਅਖੰਡ ਪਾਠ ਕਰ ਲੈਂਦੇ ਸਨ । ਉਹਨਾਂ ਨੂੰ ਪ੍ਰਬੰਧਕਾਂ ਵਲੋਂ ਬੇਨਤੀ ਕੀਤੀ ਗਈ ਕਿ ਆਪ ਵੀ ਅਖੰਡਪਾਠ ਦੀ ਇਕ ਰੌਲ ਲਾ ਲਵੋ ਤਾਂ ਕਹਿਣ ਲਗੇ, ਮਾਫ਼ ਕਰਨਾ, ਅਜ ਮੀਟ ਖਾਧਾ ਹੈ ਮੈਂ ਤਾਬੇ ਨਹੀਂ ਬਹਿਣਾ । ਜਿਹੜੀ ਚੀਜ਼ ਖਾ ਕੇ ਅੰਦਰੋਂ ਮਨ ਗੁਰੂ ਪਾਤਿਸ਼ਾਹ ਜੀ ਦੀ ਤਾਬਿਆ ਬੈਠਣ ਤੋਂ



www.AKJ.Org

ਝਜਕਦਾ ਹੋਵੇ, ਕੀ ਉਹ ਵਸਤੂ ਖਾ ਲੈਣੀ ਸਿਖ ਲਈ ਸਖ਼ਤ ਮਨ੍ਹਾ ਨਹੀਂ ? ਅਜਿਹੀ ਵਸਤੂ ਜ਼ਰੂਰੀ ਹੀ ਵਿਵਰਜਤ ਹੈ, ਜਿਹੜੀ ਕਿ ਗੁਰੂ ਜੀ ਦੀ ਗੋਦੀ ਵਿਚ ਬੈਠਣ ਵਚ ਰੋਕ ਪਾਉਂਦੀ ਹੈ।

ਜੇਕਰ ਮਾਸ ਖਾ ਕੇ ਬਹਾਦਰ ਬਣ ਸਕੀਦਾ ਹੁੰਦਾ ਤਾਂ ਗੁਰੂ ਸਾਹਿਬ ਜੋ ਸਭਨਾਂ ਦਾ ਭਲਾ ਮਨਾਉਂਦੇ ਹਨ, ਅਵਸ਼ ਚਾਹੁੰਦੇ ਸਨ ਕਿ ਸਭ ਲੋਕ ਬਹਾਦਰ ਬਣਨ, ਤਾਂ ਤੇ ਲੰਗਰ ਵਿਚ ਮਾਸ ਨਿਸ਼ੇਧ ਕਦੇ ਨ ਕਰਦੇ। ਇਸ ਲਈ ਮਾਸ ਖਾ ਕੇ ਬਹਾਦਰ ਬਣ ਸਕਣ ਦੀ ਗੱਲ ਵੀ ਖ਼ਾਮਖ਼ਿਆਲੀ ਹੀ ਹੈ।

**ਸੰਪਾਦਕੀ ਨੋਟ :--**

ਸਾਡੇ ਕੁਝ ਭੁਲੜ ਤੇ ਚਸਕੇਬਾਜ਼ ਇਤਿਹਾਸਕਾਰਾਂ ਨੇ ਇਹ ਸਿਧ ਕਰਨ ਦਾ ਕੋਝਾ ਤੇ ਹਾਸੋਹੀਣਾ ਜਤਨ ਕੀਤਾ ਹੈ ਕਿ ਗੁਰੂ ਅੰਗਦ ਦੇਵ ਜੀ ਦੇ ਲੰਗਰ ਵਿਚ ਮਾਸ ਵਰਤਦਾ ਸੀ, ਜੋ ਕਿ ਨਿਰੀ ਮਨੋ-ਕਲਪਿਤ ਗਪੌੜ-ਕਥਾ ਹੈ। ਗੁਰੂ ਕੇ ਲੰਗਰਾਂ ਵਿਚ ਜੇ ਕਿਤੇ ਮਾਸ ਬਣਦਾ ਹੁੰਦਾ ਤਾਂ ਕਿਸੇ ਨਾ ਕਿਸੇ ਥਾਂ ਗੁਰਬਾਣੀ ਉਸ ਦੀ ਜ਼ਰੂਰ ਪੁਸ਼ਟੀ ਕਰਦੀ। ਗੁਰੂ ਅੰਗਦ ਦੇਵ ਜੀ ਅਤੇ ਗੁਰੂ ਅਮਰਦਾਸ ਜੀ ਦੇ ਲੰਗਰਾਂ ਵਿਚ ਵਰਤਾਏ ਜਾਣ ਵਾਲੇ ਵਿਸ਼ੇਸ਼ ਪਦਾਰਥਾਂ ਦਾ ਜ਼ਿਕਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅੰਦਰ ਸਤੇ ਬਲਵੰਡ ਨੇ ਰਾਮਕਲੀ ਕੀ ਵਾਰ ਵਿਚ ਇਉਂ ਕੀਤਾ ਹੈ—

ਬਲਵੰਡ ਖੀਵੀ ਨੇਕ ਜਨ, ਜਿਸੁ ਬਹੁਤੀ ਛਾਉ ਪਤ੍ਰਾਲੀ ॥ ਲੰਗਰਿ ਦਉਲਤਿ ਵੰਡੀਐ, ਰਸੁ ਅੰਮ੍ਰਿਤੁ ਖੀਰਿ ਘਿਆਲੀ ॥

ਗੁਰੂ ਅੰਗਦ ਦੇਵ ਜੀ ਦੇ ਮਹਿਲ ਮਾਤਾ ਖੀਵੀ, ਦਾ ਜ਼ਿਕਰ ਕਰਦੇ ਹੋਏ ਢਾਡੀ ਕਹਿੰਦੇ ਹਨ ਕਿ ਮਾਤਾ ਖੀਵੀ ਜੀ ਆਪਣੇ ਪਤੀ ਵਾਂਗ ਬੜੇ ਭਲੇ-ਲੋਕ ਹਨ, ਜਿਨ੍ਹਾਂ ਦੀ ਛਾਂ, ਬਹੁਤੇ ਪਤਰਾਂ ਵਾਲੇ ਰੁਖਾਂ ਦੀ ਸੰਘਣੀ ਛਾਂ ਵਾਂਗ, ਠੰਢਕ ਸ਼ਾਂਤੀ ਪਹੁੰਚਾਉਣ ਵਾਲੀ ਹੈ ਅਤੇ ਆਪ ਦੇ ਲੰਗਰ ਵਿਚ ਜਿਥੇ ਨਾਮ ਦੀ ਦੌਲਤ ਵੰਡੀ ਜਾਂਦੀ ਹੈ ਉਥੇ ਅੰਮ੍ਰਿਤ-ਰਸ-ਭਰੀ ਘਿਉ ਵਾਲੀ ਖੀਰ ਭੀ ਵੰਡੀ ਜਾਂਦੀ ਹੈ।

ਫੇਰ ਇਸੇ ਵਾਰ ਵਿਚ ਦੂਜੀ ਥਾਂ ਜ਼ਿਕਰ ਆਉਂਦਾ ਹੈ—

ਨਿਤ ਰਸੋਈ ਤੇਰੀਐ, ਘਿਉ ਮੈਦਾ ਖਾਣੁ ॥

ਹੇ ਗੁਰੂ ਅਮਰਦਾਸ ਜੀ, ਤੇਰੇ ਲੰਗਰ ਵਿਚ ਨਿਤਾਪ੍ਰਤੀ ਘਿਉ; ਮੈਦਾ ਤੇ ਖੰਡ, ਭਾਵ ਤ੍ਰਿਹਾਵਲ ਕੜਾਹ ਪ੍ਰਸ਼ਾਦ ਵਰਤਦਾ ਹੈ।

ਮਾਸਾਹਾਰੀ ਵੀਰ ਮਾਸ ਨੂੰ ਮਹਾਂਪ੍ਰਸ਼ਾਦ ਦੇ ਨਾ ਨਾਲ ਸੰਬੋਧਨ ਕਰ ਕੇ ਮਾਸ ਖਾਣ ਦਾ ਪੱਖ ਸਿਧ ਕਰਦੇ ਹਨ, ਪਰ ਗੁਰਬਾਣੀ ਦੀ ਉਪਰਲੀ ਪੰਗਤੀ ਕੜਾਹ ਪ੍ਰਸ਼ਾਦ ਵਿਚ ਪੈਣ ਵਾਲੇ ਪਦਾਰਥਾਂ ਦਾ ਜ਼ਿਕਰ ਘਿਉ, ਮੈਦਾ ਤੇ ਖੰਡ ਨਾਲ ਹੀ ਕਰਦੀ ਹੈ। ਭਾਈ ਗੁਰਦਾਸ ਜੀ ਕੜਾਹ ਪ੍ਰਸ਼ਾਦ ਨੂੰ ਪੰਚਾਮ੍ਰਿਤ ਭੀ ਲਿਖਦੇ ਹਨ; ਯਥਾ--

ਖਾਂਡ, ਘ੍ਰਿਤ, ਚੂਨ, ਜਲ, ਪਾਵਕ ਇਕਤ੍ਰ ਭਏ,
ਪੰਚ ਮਿਲਿ ਪ੍ਰਗਟ ਪੰਚਾਮ੍ਰਿਤ ਪ੍ਰਗਾਸ ਹੈ।
(ਭਾਈ ਗੁਰਦਾਸ ਜੀ, ਕਬਿਤ ੧੨੪

ਕੜਾਹ ਪ੍ਰਸ਼ਾਦ ਦਾ ਵਿਸ਼ੇਸ਼ਣ ਮਹਾਂ ਪ੍ਰਸ਼ਾਦ ਭੀ ਭਾਈ ਗੁਰਦਾਸ ਜੀ ਲਿਖਤ ਵਿਚ ਇਉਂ ਮਿਲਦਾ ਹੈ--

ਆਨਿ 'ਮਹਾ ਪਰਸਾਦ' ਵੰਡਿ ਖਵਾਇਆ।
(ਵਾਰ ੨੦, ਪਉੜੀ ੧੦

ਭਾਈ ਗੁਰਦਾਸ ਜੀ ਰਚਿਤ ਇਸ ਤੁਕ ਵਿਚ ਆਏ 'ਮਹਾ ਪਰਸ਼ਾਦ' ਦਾ ਅਰਥ ਸਭ ਟੀਕਾਕਾਰਾਂ ਨੇ ਕੜਾਹ ਪ੍ਰਸ਼ਾਦ ਹੀ ਕੀਤਾ ਹੈ, ਕਿਸੇ ਨੇ ਮਾਸ ਨਹੀਂ ਕੀਤਾ। ਸੰਗਤ ਵਿਚ ਕੜਾਹ ਪ੍ਰਸ਼ਾਦ ਹੀ ਵੰਡਿਆ ਜਾਂਦਾ ਹੈ। ਤ੍ਰਿਹਾਵਲ, ਕੜਾਹ ਪ੍ਰਸ਼ਾਦ, ਪੰਚਾਮ੍ਰਿਤ ਦੀ ਸੁਗੰਧੀ ਨਾਮ-ਰਸ ਦੀ ਖ਼ੁਸ਼ਬੋਈ ਦੀ ਸੂਚਕ ਹੈ--

ਅੰਦਰੁ ਮੁਸਕਿ ਝਕੋਲਿਆ, ਕੀਮਤਿ ਕਹੀ ਨ ਜਾਇ ॥

ਤਾਹੀਓਂ ਤਾਂ ਇਸ ਉਤਮ ਭੁਗਤ ਦਾ ਨਾਮ 'ਮਹਾਂ ਪ੍ਰਸ਼ਾਦ' ਭਾਈ ਗੁਰਦਾਸ ਜੀ ਨੇ ਲਿਖਿਆ ਹੈ। ਪ੍ਰਸ਼ਾਦ ਦੇ ਅਰਥ ਹਨ 'ਬਖ਼ਸ਼ਿਸ਼'। ਕਿਥੇ



www.AKJ.Org

# ਤਿਆਗੋ ਮਨ ਕੀ ਮਤੜੀ

( ਵਲੋਂ—ਸ੍ਵਰਗਵਾਸੀ ਮਾਸਟਰ ਤਾਰਾ ਸਿੰਘ ਜੀ )

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਥਾਂ ਥਾਂ ਆਉਂਦਾ ਹੈ ਕਿ ਮਨ ਦੀ ਮੱਤ ਤਿਆਗੋ। ਇਸ ਦਾ ਭਾਵ ਇਹ ਨਹੀਂ ਹੈ ਕਿ ਅਕਲ ਵਰਤਣੀ ਛੱਡ ਦਿਓ। ਇਸ ਦਾ ਭਾਵ ਤਾਂ ਇਹ ਹੈ ਕਿ ਆਪਣੀ ਅਕਲ ਦੀ ਹੱਦਬੰਦੀ ਸਮਝ ਲਵੋ। ਇਹ ਸਮਝ ਲਵੋ ਕਿ ਉਹ ਵਾਹਿਗੁਰੂ ਅਕਲ ਤੋਂ ਪਰੇ ਹੈ, ਅਕਲ ਨਾਲ ਪਾਇਆ ਨਹੀਂ ਜਾ ਸਕਦਾ। ਆਦਮੀ ਦੀ ਸਮਝ ਬਹੁਤ ਥੋੜ੍ਹੀ ਹੈ ਤੇ ਜਦ ਤਕ ਇਸ ਤੋਂ ਉਤਾਂਹ ਨਹੀਂ ਉੱਠਿਆ ਜਾਂਦਾ ਤਦ ਤਕ ਗੁਰ ਕੀ ਮੱਤ ਲਈ ਨਹੀਂ ਜਾ ਸਕਦੀ। ਆਖ਼ਰ ਨਾਮ ਜਪਣਾ ਭੀ ਤਾਂ ਆਪਣੀ ਅਕਲ ਛੱਡ ਕੇ ਸਤਗੁਰਾਂ ਦੇ ਕਥਨ ਉਤੇ ਹੀ ਭਰੋਸਾ ਕਰਨਾ ਹੈ। ਸੱਚੀ ਗੱਲ ਤਾਂ ਇਹ ਹੈ ਕਿ ਆਦਮੀ ਇਤਨਾ ਕੁਝ ਅਕਲ ਨਾਲ ਨਹੀਂ ਸਿਖਦਾ ਜਿਤਨਾ ਅਕਲ ਛੱਡਣ ਨਾਲ ਸਿਖਦਾ ਹੈ। ਬੱਚਾ ਪੜ੍ਹਨ ਲੱਗਦਾ ਹੈ ਤਾਂ ਉਸਤਾਦ ਦੇ ਕਹਿਣ ਉੱਤੇ ਹੀ 'ਊੜਾ, ਐੜਾ' ਕਹੀ ਜਾਂਦਾ ਹੈ। ਜੇ ਉਹ ਦਲੀਲ ਕਰਨ ਲਗੇ ਕਿ ਇਹ ਕਿਉਂ 'ਊੜਾ' ਹੈ ਤੇ ਉਹ ਕਿਉਂ 'ਐੜਾ' ਹੈ ਤਾਂ ਉਸ ਦਾ ਇਲਮ ਸਿੱਖਣਾ ਉਥੇ ਹੀ ਰਹਿ ਜਾਵੇ, ਪਰ ਇਹ ਭੀ ਚੇਤਾ ਰੱਖਣਾ ਚਾਹੀਦਾ ਹੈ ਕਿ ਅਸਾਂ ਆਪਣੀ ਅਕਲ ਨਾਲ ਹੀ ਮਨ ਦੀ ਮੱਤ ਤਿਆਗਣੀ ਹੈ।

ਮਨ ਦੀ ਮੱਤ ਤਿਆਗਣ ਲਈ ਭੀ ਤਾਂ ਸਮਝ ਚਾਹੀਦੀ ਹੈ। ਰੌਸ਼ਨੀ ਤਾਂ ਸਾਡੇ ਕੋਲ ਇਕੋ ਅਕਲ ਹੈ, ਪਰ ਇਹ ਬਹੁਤ ਕਮਜ਼ੋਰ ਰੌਸ਼ਨੀ ਹੈ ਤੇ ਇਹ ਸਮਝਣ ਦੀ ਲੋੜ ਹੈ ਕਿ ਅਸੀਂ ਇਸ ਕਮਜ਼ੋਰ ਰੌਸ਼ਨੀ ਉਤੇ ਇਸ ਅੰਧੇਰੇ ਵਿਚ ਨਾ ਵੇਖਿਆ ਹੋਇਆ ਰਸਤਾ ਲੱਭ ਨਹੀਂ ਸਕਦੇ। ਨਾ ਵੇਖਿਆ ਹੋਇਆ ਰਸਤਾ ਤਾਂ ਕਿਸੇ ਨੂੰ ਪੁੱਛਾਂ ਹੀ ਗੇ, ਪਰ ਇਤਨੀ ਸਮਝ ਸਾਨੂੰ ਚਾਹੀਦੀ ਹੈ ਕਿ ਆਪਣੀ ਕਮਜ਼ੋਰ ਰੌਸ਼ਨੀ ਉਤੇ ਭਰੋਸਾ ਕਰ ਕੇ ਪੁੱਛੇ ਹੋਏ ਰਸਤੇ ਤੋਂ ਹੀ ਹੋਰ ਝਾਂਵਲਿਆਂ ਵਿਚ ਫਸ ਕੇ ਲਾਂਭੇ ਨਾ ਹੋ ਜਾਵੀਏ। ਜੋ ਕਹਿੰਦੇ ਹਨ ਕਿ ਬਾਣੀ ਪੜ੍ਹਨ ਨਾਲ ਸਾਡਾ ਬਣਿਆ ਕੁਝ ਨਹੀਂ ਹੈ, ਉਹਨਾਂ ਨੇ ਆਪਣੇ ਮਨ ਦੀ ਮੱਤ ਤਿਆਗ ਕੇ ਦੱਸੇ ਹੋਏ ਰਾਹ ਉਤੇ ਚੱਲਣ ਦੀ ਕੋਸ਼ਿਸ਼ ਨਹੀਂ ਕੀਤੀ। ਉਹ ਤਾਂ ਆਪਣੀ ਮੱਤ ਤੇ ਆਪਣੀ ਚਤਰਾਈ ਉੱਤੇ ਹੀ ਭਰੋਸਾ ਕਰਦੇ ਰਹੇ ਹਨ।

"ਚਤੁਰਾਈ ਕਿਨੈ ਨ ਪਾਇਆ ॥"

ਜੋ ਬਾਣੀ ਜਾਂ ਭਜਨ ਤੋਂ ਕੁਝ ਬਣਾਉਣਾ ਚਾਹੁੰਦਾ ਹੈ, ਉਸ ਖ਼ੁਦਗਰਜ਼ ਦਾ ਕੁਝ ਨਹੀਂ ਬਣੇਗਾ। ਜੋ ਬਾਣੀ ਜਾਂ ਭਜਨ ਦੀ ਸਹਾਇਤਾ ਲੈ ਕੇ ਆਪਣਾ ਆਪ ਤਿਆਗ ਕੇ ਉਸ ਵਾਹਿਗੁਰੂ ਦੇ ਦਰ ਤੇ ਢਹਿ ਪੈਂਦਾ ਹੈ, ਉਸ ਦਾ ਉਹ ਕੁਝ ਬਣੇਗਾ ਕਿ ਫਿਰ ਕਿਸੇ ਬਣਨ ਬਣਾਉਣ ਦੀ ਲੋੜ ਹੀ ਨਹੀਂ ਰਹੇਗੀ।

---

[ ਸਫ਼ਾ ੨੨ ਦੀ ਬਾਕੀ ]

ਤਾਂ ਦਿਮਾਗ਼ ਨੂੰ ਮੁਅੱਤਰ ਕਰਨ ਵਾਲੀ ਤ੍ਰਿਹਾਵਲ ਦੀ ਸੁਗੰਧੀ ਅਤੇ ਕਿਥੇ ਮਾਸ ਦੀ ਘ੍ਰਿਣਤ ਦੁਰਗੰਧੀ ! ਜੀਅ-ਘਾਤ ਕਰ ਕੇ ਪ੍ਰਾਪਤ ਕੀਤੀ ਮਹਾਂ ਨਿੰਦਤ ਬਦਬੂਦਾਰ ਵਸਤੂ ਨੂੰ 'ਮਹਾਂ ਪ੍ਰਸ਼ਾਦ' ਕਹਿਣਾ ਅਨਰਥ ਤੇ ਪਾਪ ਹੈ। ਕੜਾਹ ਪ੍ਰਸ਼ਾਦ ਛਕ ਕੇ ਬੱਚਾ ਬੁੱਢਾ ਹਰੇਕ ਜੀਵ ਤ੍ਰਿਪਤ ਹੁੰਦਾ ਹੈ ਅਤੇ ਇਹ ਪਦਾਰਥ ਸਭ ਲਈ ਸੁਖਦਾਈ ਹੈ, ਪਰ ਮਾਸ ਤਨ ਨੂੰ ਵੀ ਰੋਗੀ ਕਰਦਾ ਹੈ ਅਤੇ ਮਨ ਨੂੰ ਵੀ ਵਿਕਾਰੀ ਬਣਾਉਂਦਾ ਹੈ। ਗੁਰਬਾਣੀ ਐਸੀਆਂ ਵਸਤੂਆਂ ਪ੍ਰਥਾਇ ਇਉਂ ਹੁਕਮ ਦਿੰਦੀ ਹੈ--

ਬਾਬਾ ਹੋਰੁ ਖਾਣਾ ਖੁਸੀ ਖੁਆਰੁ ॥
ਜਿਤੁ ਖਾਧੈ ਤਨੁ ਪੀੜੀਐ, ਮਨ ਮਹਿ ਚਲਹਿ ਵਿਕਾਰ॥

—ਸੰਪਾਦਕ

ਨਵੇਂ ਸਜੇ ਅਮਰੀਕਨ ਸਿੰਘ ਜਦੋਂ ਭਾਰਤ ਆਏ ਤਾਂ ਇਥੇ ਮਾਸਾਹਾਰੀ ਭਰਾਵਾਂ ਨੇ ਉਹਨਾਂ ਤੇ ਪ੍ਰਸ਼ਨ ਕੀਤੇ ਕਿ ਤੁਸੀਂ ਮਾਸ ਕਿਉਂ ਨਹੀਂ ਖਾਂਦੇ ਤਾਂ ਉਹਨਾਂ ਨਵੇਂ ਸਜੇ ਸਿੰਘਾਂ ਦਾ ਸਪਸ਼ਟ ਤੇ ਸਾਦਾ ਉਤਰ ਸੀ ਕਿ ਕੀ ਸ੍ਰੀ ਗੁਰੂ ਰਾਮਦਾਸ ਜੀ ਦੇ ਲੰਗਰ ਵਿਚ ਮਾਸ ਬਣਦਾ ਹੈ ? ਜੇਹੜੀ ਚੀਜ਼ ਗੁਰੂ ਕੇ ਲੰਗਰ ਵਿਚ ਬਣਾ ਸਕਣ ਦੀ ਸਖ਼ਤ ਮਨਾਹੀ ਹੋਵੇ ਉਹ ਚੀਜ਼ ਸਿਖ ਨੂੰ ਕਦੇ ਨਹੀਂ ਖਾਣੀ ਚਾਹੀਏ।

www.AKJ.Org

# ਪੰਥ ਦੀ ਸੋਨੇ ਦੀ ਚਿੜੀ*

[ ਵਲੋਂ—ਸ: ਦੇਵਾ ਸਿੰਘ ਜੀ ਕਿਰਤੀ ]

'ਸੰਤ ਜਨਾ ਮਿਲਿ ਹਰਿ ਜਸੁ' ਗਾਏ; ਜਨਮ ਮਨੁਖਾ ਪਾ ਕੇ।
ਤਪਤ ਬੁਝਾਈ ਦੁਖੀ ਜਨਾਂ ਦੀ, ਗੁਰਬਾਣੀ ਛਹਿਬਰ ਲਾ ਕੇ।

ਰਜ ਰਜ ਵੰਡੇ ਗੀਤ ਪ੍ਰਭੂ ਦੇ, ਗੁਰ-ਸੰਗਤ ਵਿਚ ਆ ਕੇ।
'ਨਿਵਣੁ ਸੁ ਅਖਰੁ ਖਵਣੁ ਗੁਣੁ'; ਸੋਹਣੇ ਸਬਕ ਪਕਾ ਕੇ।

ਧੀਰਜ ਧਰਮ ਨਿਭਾਣਾ ਦਸਿਆ; ਅਮਲਾਂ ਵਿਚ ਕਮਾ ਕੇ।
ਰਸਕ ਰਸਕ ਗੁਣ ਗਾਵਣ ਕੀਕਰ, ਬਿਰਤੀ ਸੁਰਤ ਟਿਕਾ ਕੇ।

ਸਿੰਚ ਸਿੰਚ ਗੁਰਬਾਣੀ ਅੰਮ੍ਰਿਤ, ਦਸੀ ਅਗਨ ਬੁਝਾ ਕੇ।
ਘਰ ਘਰ ਅੰਦਰ ਛਹਿਬਰ ਲਾਈ, ਕੀਰਤਨ-ਮੀਂਹ ਵਸਾ ਕੇ।

ਜੀਅ-ਦਾਨ ਦਿਵਾ ਜੀਵਾਲੇ, ਕਰਤੇ ਨਾਲ ਮਿਲਾ ਕੇ।
ਉਹੋ ਜੀਉਂਦੇ ਸਦ ਹੀ 'ਕਿਰਤੀ', ਜਸ ਜਗਤ ਤੋਂ ਪਾ ਕੇ।

*ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਨੂੰ ਪੰਥ ਵਲੋਂ ਇਸ ਨਾਂ ਨਾਲ ਵੀ ਸਨਮਾਨਿਆ ਗਿਆ ਸੀ।

---

# ਬਠਿੰਡੇ ਵਿਖੇ ਅਖੰਡ ਕੀਰਤਨ ਸਮਾਗਮ

ਸੰਗਤਾਂ ਦੀ ਸੇਵਾ ਵਿਚ ਬੇਨਤੀ ਹੈ ਕਿ ਗੁਰਦੁਆਰਾ ਸਿੰਘ ਸਭਾ ਬਠਿੰਡਾ ਵਿਖੇ ਹੇਠ ਲਿਖੇ ਅਨੁਸਾਰ ਅਖੰਡ ਕੀਰਤਨ ਸਮਾਗਮ ਹੋ ਰਹੇ ਹਨ; ਪਰਵਾਰਾਂ ਸਹਿਤ ਹਾਜ਼ਰੀਆਂ ਭਰ ਕੇ ਲਾਹੇ ਪ੍ਰਾਪਤ ਕਰੋ ਜੀ।

—ਪ੍ਰੋਗਰਾਮ—

26-9-75 ਸ਼ੁਕਰਵਾਰ ਸ਼ਾਮ 7-30 ਤੋਂ 9-30 ਤਕ
27-9-75 ਸ਼ਨੀਵਾਰ 5 ਤੋਂ 12 ਅਤੇ ਸ਼ਾਮ 7-30 ਰੈਣ-ਸਬਾਈ ਕੀਰਤਨ ਅਰੰਭ
28-9-75 ਐਤਵਾਰ ਸਵੇਰੇ 7 ਵਜੇ ਅਖੰਡ ਕੀਰਤਨ ਰੈਣ-ਸਬਾਈ ਦੀ ਸਮਾਪਤੀ।

ਅੰਮ੍ਰਿਤ ਸਿੰਚਾਰ—27.9.75 ਸ਼ਨੀਵਾਰ 5 ਵਜੇ ਸ਼ਾਮ ਨੂੰ ਅਰੰਭ।

ਰਿਹਾਇਸ਼ ਦਾ ਪਰਬੰਧ ਗੁਰਦਵਾਰਾ ਸ੍ਰੀ ਗੁਰੂ ਸਿੰਘ ਸਭਾ ਵਿਖੇ ਹੋਵੇਗਾ।

ਪੁੱਛ ਗਿਛ—ਗਿ: ਦਲੀਪ ਸਿੰਘ ਜੀ
ਪ੍ਰੇਮ ਰੋਲਿੰਗ ਸ਼ਟਰ, ਪੁਰਾਣਾ ਥਾਣਾ ਰੋਡ; ਬਠਿੰਡਾ

ਦਾਸਰੇ—
ਅਖੰਡ ਕੀਰਤਨੀ ਜਥਾ, ਬਠਿੰਡਾ

---

# ਕੋਟ ਫਤੂਹੀ (ਹੁਸ਼ਿਆਰਪੁਰ) ਵਿਖੇ ਸ੍ਰੀ ਅਖੰਡਪਾਠ ਤੇ ਰੈਣ ਸਬਾਈ ਕੀਰਤਨ

ਭਾਈ ਨਿਰਮਲ ਸਿੰਘ ਮਲਕੀਅਤ ਸਿੰਘ ਜੀ ਬੇਨਤੀ ਕਰਦੇ ਹਨ ਕਿ ਉਨ੍ਹਾਂ ਦੇ ਗ੍ਰਿਹਿ ਵਿਖੇ 13-9-75 ਨੂੰ ਸਵੇਰੇ ਸ੍ਰੀ ਅਖੰਡ ਪਾਠ ਦੇ ਭੋਗ ਤੋਂ ਉਪਰੰਤ 12 ਵਜੇ ਦੁਪਹਿਰ ਅਖੰਡ ਕੀਰਤਨ ਹੋਣਗੇ ਅਤੇ ਉਸੇ ਸ਼ਾਮ 7-30 ਵਜੇ ਰੈਣ-ਸਬਾਈ ਕੀਰਤਨ ਅਰੰਭ ਹੋਵੇਗਾ, ਜਿਸ ਦੀ ਸਮਾਪਤੀ ਐਤਵਾਰ ਸਵੇਰੇ 7 ਵਜੇ ਹੋਵੇਗੀ। ਅੰਮ੍ਰਿਤ ਸਿੰਚਾਰ ਸ਼ਨੀਵਾਰ ਸ਼ਾਮ ਨੂੰ ਛੇ ਵਜੇ ਅਰੰਭ ਹੋਵੇਗਾ। ਸਮੂੰਹ ਸੰਗਤਾਂ ਦਰਸ਼ਨ ਦੇ ਕੇ ਧੰਨਵਾਦੀ ਬਣਾਉਣ।

ਨੋਟ:—ਪਿੰਡ ਕੋਟ ਫਤੂਹੀ; ਫਗਵਾੜਾ ਤੋਂ ਮਾਹਲਪੁਰ ਵਾਲੀ ਸੜਕ ਤੇ ਹੈ। ਆਖ਼ਰੀ ਬਸਾਂ ਫਗਵਾੜੇ ਤੋਂ ਸ਼ਾਮ ਸਤ ਵਜੇ, ਮਾਹਲਪੁਰ ਤੋਂ ਪੌਣੇ ਛੇ ਵਜੇ ਤੇ ਬੰਗਾ ਤੋਂ ਸਾਢੇ ਚਾਰ ਵਜੇ ਚਲਦੀਆਂ ਹਨ।

www.AKJ.Org

# ਮੁਸੀਬਤ ਸਮੇਂ ਖ਼ਾਲਸਈ ਕਰਤੱਵ

[ ਵਲੋਂ—ਸ: ਕਰਮ ਸਿੰਘ ਜੀ ਹਿਸਟੋਰੀਅਨ ]

ਖ਼ਾਲਸੇ ਦਾ ਜਨਮ ਮੁਸੀਬਤ ਦੇ ਸਮੇਂ ਹੋਇਆ ਸੀ, ਇਸ ਲਈ ਖਾਲਸਾ ਕਦੇ ਮੁਸੀਬਤ ਤੋਂ ਨਹੀਂ ਘਬਰਾਇਆ। ਸਮੇਂ ਦਾ ਕੰਮ ਹੈ, ਆਉਂਦਾ ਹੈ ਅਤੇ ਤੁਰਿਆ ਜਾਂਦਾ ਹੈ, ਸਮਾਂ ਕਦੇ ਖੜੋਤਾ ਨਹੀਂ ਰਹਿੰਦਾ। ਇਸੇ ਤਰ੍ਹਾਂ ਮੁਸੀਬਤ ਕਦੇ ਖੜੋਤੀ ਨਹੀਂ ਰਹਿ ਸਕਦੀ, ਆਉਂਦੀ ਹੈ ਅਤੇ ਤੁਰਦੀ ਜਾਂਦੀ ਹੈ।

ਇਕ ਸਿਆਣੇ ਦਾ ਕਥਨ ਹੈ ਕਿ ਜੇਕਰ ਮੁਸੀਬਤ ਨਾਲ ਮਖ਼ੌਲ ਕਰੀਏ ਤਾਂ ਮੁਸੀਬਤ ਦਾ ਅਸਰ ਘਟ ਜਾਂਦਾ ਹੈ। ਖ਼ਾਲਸੇ ਨੇ ਮੁਸੀਬਤ ਨੂੰ ਆਪਣੇ ਸਾਹਮਣੇ ਵੇਖਿਆ, ਅਤੇ ਉਸ ਨਾਲ ਰੱਜ ਕੇ ਮਖ਼ੌਲ ਕੀਤਾ, ਜਿਸ ਕਰਕੇ ਖ਼ਾਲਸੇ ਉਤੇ ਮੁਸੀਬਤ ਦਾ ਰਤਾ ਅਸਰ ਨਾ ਹੋਇਆ। ਮੁਸੀਬਤ ਨੇ ਖ਼ਾਲਸੇ ਦਾ ਲੰਗਰ ਬੰਦ ਕਰ ਦਿਤਾ, ਖ਼ਾਲਸੇ ਨੇ ਲੰਗਰ ਮਸਤ ਕਰ ਦਿਤਾ। ਮੁਸੀਬਤ ਨੇ ਖ਼ਾਲਸੇ ਪਾਸੋਂ ਬਦਾਮ ਖੋਹ ਕੇ ਮੁੱਠ ਮੁੱਠ ਛੋਲੇ ਹਵਾਲੇ ਕੀਤੇ, ਖਾਲਸੇ ਨੇ ਉਸੇ ਨੂੰ ਬਦਾਮ ਬਣਾ ਲਿਆ। ਸਮੇਂ ਨੇ ਖ਼ਾਲਸੇ ਨੂੰ ਸਭ ਤਰ੍ਹਾਂ ਦੇ ਦੁਖ ਦਿਤੇ, ਪਰ ਖ਼ਾਲਸਾ ਸਦਾ ਚੜ੍ਹਦੀਆਂ ਕਲਾਂ ਵਿਚ ਰਹਿਆ; ਹਰ ਮੁਸੀਬਤ ਸਮੇਂ ਉਸ ਨੇ ਜੈਕਾਰਾ ਗਜਾਇਆ। ਮੁਸੀਬਤ ਨੂੰ ਸਾਹਮਣੇ ਵੇਖ ਕੇ, ਜੈਕਾਰਾ ਗਜਾਉਣਾ ਮੁਸੀਬਤ ਨੂੰ ਵੰਗਾਰਨਾ ਹੈ ਕਿ ਤੂੰ ਆਪਣਾ ਜ਼ੋਰ ਲਾ ਲੈ, ਅਸਾਂ ਚੜ੍ਹਦੀਆਂ ਕਲਾਂ ਵਿਚ ਹੀ ਰਹਿਣਾ ਹੈ। ਮੁਸੀਬਤ ਦਾ ਦਾਰੂ ਜੈਕਾਰਾ ਹੈ, ਇਹ ਭੇਤ ਖ਼ਾਲਸੇ ਨੇ ਜੰਗਲਾਂ ਵਿਚ ਰਹਿ ਕੇ ਲੱਭਾ ਸੀ। ਹਰ ਕੋਈ ਪਰਤਿਆ ਕੇ ਵੇਖ ਸਕਦਾ ਹੈ ਕਿ ਮੁਸੀਬਤ ਦੇ ਸਮੇਂ ਜੇਕਰ ਦਿਲ ਖੋਲ੍ਹ ਕੇ ਜੈਕਾਰਾ ਗਜਾਇਆ ਜਾਵੇ ਤਾਂ ਮੁਸੀਬਤ ਦਾ ਅਸਰ ਕਿਤਨਾ ਕੁ ਘਟ ਜਾਂਦਾ ਹੈ।

ਸ੍ਰੀ ਦਸਮੇਸ਼ ਜੀ ਜੋਤੀ ਜੋਤ ਸਮਾ ਗਏ ਅਤੇ ਬੰਦਾ ਬਹਾਦਰ ਪੰਜਾਬ ਵਲ ਆਇਆ, ਖ਼ਾਲਸੇ ਨੇ ਹਲਾਰਾ ਮਾਰਿਆ ਅਤੇ ਕਰਨਾਲ ਤੋਂ ਲੈ ਕੇ ਲਾਹੌਰ ਤੀਕ ਦਾ ਸਭ ਇਲਾਕਾ ਸਾਂਭ ਲਿਆ। ਹਿੰਦੁਸਤਾਨ ਦੀ ਸਭ ਸੈਨਾ ਦੱਖਣ ਵਲ ਜਮ੍ਹਾ ਹੋਈ ਹੋਈ ਸੀ। ਬਾਦਸ਼ਾਹ ਸਾਰੀ ਸੈਨਾ ਲਈ ਦਿੱਲੀ ਨੂੰ ਆ ਰਿਹਾ ਸੀ ਕਿ ਪੰਜਾਬ ਦੇ ਮੁਸਲਮਾਨ ਅਜਮੇਰ ਜਾ ਹਾਜ਼ਰ ਹੋਏ ਅਤੇ ਬਾਦਸ਼ਾਹ ਪਾਸ ਹੋਈਆਂ ਅਣ-ਹੋਈਆਂ ਸੇ ਸੇ ਗੱਲਾਂ ਕਹੀਆਂ। ਸੋ ਬਾਦਸ਼ਾਹ ਸਾਰੀ ਸੈਨਾ ਲੈ ਕੇ ਪੰਜਾਬ ਵਲ ਆਇਆ ਅਤੇ ਬੰਦੇ ਬਹ ਦਰ ਨੂੰ ਲੋਹਗੜ੍ਹ ਦੇ ਕਿਲ੍ਹੇ ਵਿਚ ਘੇਰ ਲਿਆ।

ਛੇ ਮਹੀਨੇ ਲੜਾਈ ਹੋਈ ਅਤੇ ਅੰਤ ਨੂੰ ਬੰਦਾ ਪਹਾੜਾਂ ਵੱਲ ਨੱਸ ਗਿਆ। ਬਾਦਸ਼ਾਹ ਲਾਹੌਰ ਵਲ ਆਇਆ ਅਤੇ ਇਹ ਸੁਣ ਕੇ ਕਿ ਸਿਖਾਂ ਦੀ ਨਿਸ਼ਾਨੀ ਕੇਸ ਅਤੇ ਦਾਹੜਾ ਹੈ, ਹੁਕਮ ਦਿਤਾ ਕਿ ਜਿਸ ਦਾ ਦਾਹੜਾ ਕੇਸ ਵੇਖੋ, ਮਾਰ ਦੇਵੋ। ਇਸ ਸਮੇਂ ਸ਼ਾਹੀ ਫ਼ੌਜ ਵਿਚ ਭੀ ਕਈ ਹਜ਼ਾਰ ਹਿੰਦੂ ਸਨ, ਜਿਨ੍ਹਾਂ ਨੇ ਸੁਹੱਣਪ ਦੀ ਖ਼ਾਤਰ ਹੀ ਦਾਹੜੀ ਅਤੇ ਕੇਸ ਰਖੇ ਹੋਏ ਸਨ, ਸਭਸ ਨੇ ਮੁਨਵਾ ਦਿਤੇ।

ਛੋਟੇ ਹਾਕਮਾਂ ਦੀ ਹੁਣ ਚੜ੍ਹ ਮਚੀ। ਸਿਖਾਂ ਨਾਲ ਅਸਿਖ ਭੀ ਮਾਰੇ ਗਏ। ਸ਼ਾਹੀ ਸੜਕ ਉਤੇ ਜੋ ਜੋ ਚੁਰੱਸਤਾ ਸੀ, ਰੁੱਖਾਂ ਨਾਲ ਸਿਖ ਕੇਸਾਂ ਨਾਲ ਬੱਧੇ ਹੋਏ ਲਟਕ ਰਹੇ ਸਨ। ਦਿੱਲੀ ਦੀ ਹਕੂਮਤ ਓਸ ਸਮੇਂ ਆਪਣੇ ਜੋਬਨ ਉਤੇ ਸੀ। ਲੱਖਾਂ ਸਿਪਾਹੀ ਬਿਆਸਾ ਤੇ ਰਾਵੀ ਦੇ ਵਿਚਕਾਰ ਪਏ ਸਨ, ਸੋ ਏਨ੍ਹਾਂ ਆਪਣੀ ਜਾਚੇ ਸਿਖੀ ਦਾ ਖੁਰਾ ਖੋਜ ਮਿਟਾ ਦਿਤਾ।

ਸ੍ਰੀ ਦਸਮੇਸ਼ ਜੀ ਤੋਂ ਮਗਰੋਂ ਸਿਖਾਂ ਉਤੇ ਇਹ ਪਹਿਲੀ ਮੁਸੀਬਤ ਸੀ। ਜਦ ਬੰਦੇ ਦੀ ਚੜ੍ਹਦੀ ਕਲਾ ਸੀ, ਤਾਂ ਅਣ-ਪੁੱਛੇ ਹੀ ਹਜ਼ਾਰਾਂ ਜ਼ਿਮੀਦਾਰ ਸਿਖ ਬਣ ਗਏ ਸਨ, ਪਰ ਜਦ ਪਰਖ ਦਾ ਸਮਾਂ ਆਇਆ ਅਤੇ ਕੁਠਾਲੀ ਵਿਚ ਕੌਮ ਨੂੰ ਚਰਖ ਦਿੱਤਾ ਗਿਆ, ਤਾਂ ਕੱਚੇ ਪਿੱਲੇ ਧੂਆਂ ਬਣ ਉਡ ਗਏ ਤੇ ਖ਼ਾਲਸਾ ਖ਼ਾਲਸ ਕੁੰਦਨ ਰਹਿ ਗਿਆ। ਕੀ ਜਾਣੀਏ ਇਹ ਮੁਸੀਬਤ ਸੀ ਕਿ ਖ਼ਾਲਸੇ ਵਿਚੋਂ ਖੋਟ ਕੱਢਣ ਦੀ ਇਕ ਕਰਤਾਰੀ ਕਾਰ।

ਲਾਹੌਰ ਦੇ ਸੂਬੇ ਜ਼ਬਰਦਸਤ ਖ਼ਾਂ ਨੇ ਖ਼ਾਲਸੇ ਦੀ



www.AKJ.Org

ਸਾਰੀ ਖੋਟ ਕੱਢ ਦਿੱਤੀ, ਪਰ ਖ਼ਾਲਸੇ ਦਾ ਉਹ ਕੁਝ ਨਾ ਵਿਗਾੜ ਸਕਿਆ। ਕੁੰਦਨ ਨੂੰ ਸੌ ਚਰਖ ਦੇਵੋ ਕੁੰਦਨ ਨ ਘਟਦਾ ਹੈ, ਨ ਸੜਦਾ ਹੈ, ਸਗੋਂ ਹਰ ਚਰਖ ਮਗਰੋਂ ਰੰਗ ਰੂਪ ਵਿਚ ਅਗੇ ਨਾਲੋਂ ਚੜ੍ਹਦਾ ਨਿਕਲਦਾ ਹੈ। ਸੂਬੇ ਨੇ ਦੋ ਸਾਲ ਕੁਠਾਲੀ ਤਪਾਈ ਰੱਖੀ, ਸੰਮਤ ੧੭੬੮ ਤੋਂ ੧੭੭੦ ਤੀਕ ਆਪਣੀ ਵਲੋਂ ਆਪਣੇ ਸੂਬੇ ਨੂੰ ਸਿਖਾਂ ਤੋਂ ਸਾਫ਼ ਕਰ ਦਿਤਾ ਅਤੇ ਪਰਜਾ ਉਤੇ ਅਜਿਹਾ ਰੋਹਬ ਜਮਾਇਆ, ਕਿ ਹੁਣ ਕਿਸੇ ਵਿਚ ਚੂੰ ਕਰਨ ਦੀ ਆਸ ਤਕ ਨਾ ਰਹੀ।

ਪਰ ਇਸ ਸਮੇਂ ਜਗਤ ਸਿੰਘ ਸੂਰਮਾ ਦੜਕਿਆ, ਅਤੇ ਰਿਆੜਕੀ ਵਿਚ ਭਬਕਾਰਾ ਮਾਰ ਕੇ ਕਿੜੀ ਪਠਾਣ, ਤੇ ਗਿਰਦ-ਨਿਵਾਹੀ ਦੇ ਪੰਜਾਹ ਸਠ ਪਿੰਡ ਉਗਰਾਹ ਲਏ। ਦਿੱਲੀ ਤੀਕ ਰੌਲਾ ਪੈ ਗਿਆ ਕਿ ਸਿਖ ਅਜੇ ਤੀਕ ਜੀਊਂਦੇ ਹਨ ਅਤੇ ਚੰਗੀ ਤਰ੍ਹਾਂ ਦਰੜੇ ਨਹੀਂ ਗਏ। ਜ਼ਬਰਦਸਤ ਖ਼ਾਂ ਹਟਾ ਦਿਤਾ ਗਿਆ ਅਤੇ ਉਸ ਦੀ ਥਾਂ ਦਲੇਰ ਜੰਗ ਸੂਬਾ ਹੋ ਕੇ ਆਇਆ, ਮੁਹੰਮਦ ਅਮੀਨ ਖ਼ਾਂ ਭੀ ਬਹੁਤ ਸਾਰੀ ਸੈਨਾ ਲੈ ਕੇ ਦਿੱਲੀ ਤੋਂ ਆਇਆ ਅਤੇ ਅੰਮ੍ਰਿਤਸਰ ਦੇ ਗਿਰਦੇ ਫੇਰ ਸਿੰਘਾਂ ਦੀ ਕਤਲ-ਆਮ ਆਰੰਭ ਹੋ ਗਈ।

ਦੋ ਸਾਲ ਰਾਮ-ਰੌਲਾ ਰਿਹਾ। ਬਾਦਸ਼ਾਹੀ ਫ਼ੌਜਾਂ ਸਿੰਘਾਂ ਨੂੰ ਮਾਰਦੀਆਂ ਫਿਰਦੀਆਂ ਅਤੇ ਸਿੰਘ ਸਮਾਂ ਵੇਖ ਕੇ ਸਾਰੀ ਰਿਆੜਕੀ ਉਗਰਾਹ ਲੈਂਦੇ। ਦਿੱਲੀ ਤੋਂ ਸੈਨਾ ਆਈ, ਪੰਜਾਬ ਦੀ ਸਾਰੀ ਫੌਜ ਇਕੱਠੀ ਹੋਈ, ਕਈ ਮਹੀਨੇ ਬੰਦਾ ਸਿੰਘ ਬਹਾਦਰ ਨੂੰ ਘੇਰੀ ਰਖਿਆ ਅਤੇ ਅੰਤ ਨੂੰ ਅਰੰਭ ਮੱਘਰ ਸੰਮਤ ੧੭੭੨ ਨੂੰ ਫੜ ਲਿਆ ਗਿਆ।

ਇਸ ਤੋਂ ਮਗਰੋਂ ਸਿੰਘਾਂ ਨਾਲ ਕੀ ਬੀਤੀ, ਇਸ ਦਾ ਹਾਲ ਮੈਂ ਆਪਣੀ ਲਿਖੀ ਕਿਤਾਬ 'ਬੰਦਾ ਸਿੰਘ ਬਹਾਦਰ' ਵਿਚੋਂ ਦੇਂਦਾ ਹਾਂ, ਜਿਸ ਤੋਂ ਪਤਾ ਲਗ ਜਾਵੇਗਾ ਕਿ ਐਸੀ ਫੜੋ ਫੜੀ ਦੇ ਸਮੇਂ ਕਿਸ ਤਰ੍ਹਾਂ ਦੋਸ਼ੀਆਂ ਨਾਲ ਬੇਦੋਸ਼ੇ ਭੀ ਫੜੇ ਜਾਂਦੇ ਹਨ ਅਤੇ ਸਰਕਾਰਾਂ ਆਪਣਾ ਰੋਹਬ ਜਮਾਉਣ ਲਈ ਕੈਸੇ ਕੈਸੇ ਤਸੀਹੇ ਦੇ ਦਿਆ ਕਰਦੀਆਂ ਹਨ ਅਤੇ ਐਸੇ ਸਮੇਂ ਸਿੰਘਾਂ ਦਾ ਕੀ ਕਰਤਵ ਹੁੰਦਾ ਹੈ, ਉਹ ਮੁਸੀਬਤ ਵੇਖ ਕੇ ਆਪਣੇ ਕੀਤੇ ਉਤੇ ਪਛਤਾਵਾ ਕਰਦੇ ਹਨ ਕਿ ਖਿੜੇ ਮੱਥੇ ਹਰ ਤਰ੍ਹਾਂ ਦੀ ਮੁਸੀਬਤ ਨੂੰ "ਜੀ ਆਇਆਂ" ਆਖਦੇ ਹਨ ?

ਲਾਹੌਰੋਂ ਤੁਰਦਿਆਂ ਜ਼ਕਰੀਆ ਖ਼ਾਂ ਨੂੰ ਸੂਝ ਫੁਰੀ, ਕਿ ਦੋ ਸੌ ਕੈਦੀ ਤਾਂ ਬਹੁਤ ਹੀ ਥੋੜ੍ਹਾ ਹੈ, ਘਟ ਤੋਂ ਘਟ ਹਜ਼ਾਰ ਤਾਂ ਹੋਵੇ। ਬਸ, ਸੋਚ ਦੀ ਹੀ ਢਿਲ ਸੀ, ਰੋਜ਼ ਬੇਗੁਨਾਹ ਸਿੰਘ ਫੜੇ ਆਉਣ ਲਗ ਪਏ, ਅਤੇ ਦਿਨਾਂ ਵਿਚ ਹੀ ਇਨ੍ਹਾਂ ਦੀ ਗਿਣਤੀ ਹਜ਼ਾਰ ਦੇ ਲਗ ਪਗ ਅੱਪੜ ਗਈ। ਇਸ ਵੇਲੇ ਸਿੰਘਾਂ ਉਤੇ ਬੜੀ ਔਕੜ ਬਣੀ ਹੋਈ ਸੀ। ਵੈਰੀਆਂ ਨੂੰ ਬਦਲੇ ਲੈਣ ਦਾ ਸਮਾਂ ਲੱਭਾ, ਮੁਖ਼ਬਰੀਆਂ ਕਰ ਕਰ ਕੇ ਖੁਰਾ ਖੋਜ ਮੁਕਾਉਣਾ ਚਾਹਿਆ ਅਤੇ ਦਿਨਾਂ ਵਿਚ ਹਜ਼ਾਰਾਂ ਸ਼ਹੀਦ ਕੀਤੇ ਗਏ। ਇਹ ਪਹਿਲਾ ਸਮਾਂ ਹੈ ਕਿ ਸਿੰਘਾਂ ਨੂੰ ਆਪਣੇ ਘਰ ਬਾਰ ਛੱਡ ਕੇ ਜੂਹਾਂ ਵਿਚ ਪਨਾਹ ਲੈਣੀ ਪਈ।

ਜਦ ਇਹ ਡੇਰਾ ਸਰਹੰਦ ਪੁਜਾ ਤਾਂ ਲੋਕਾਂ ਨੂੰ ਵਿਖਾਉਣ ਲਈ ਸਾਰੇ ਕੈਦੀ ਸ਼ਹਿਰ ਦੇ ਬਾਜ਼ਾਰਾਂ ਵਿਚ ਫੇਰੇ ਗਏ। ਹਰ ਇਕ ਸਿੰਘ ਦੇ ਪੈਰੀਂ ਬੇੜੀ, ਗਲ ਤੌਕ, ਹੱਥ ਹਥਕੜੀ ਤੇ ਲੱਕ ਜ਼ੰਜੀਰ ਸੀ, ਲੱਕ ਦੇ ਸੰਗਲ ਨਾਲ ਦੋ ਦੋ ਤਿੰਨ ਤਿੰਨ ਸਿੰਘ ਜੂੜ ਕੇ ਗਡਿਆਂ ਉਤੇ ਸੁਟੇ ਹੋਏ ਸਨ ਅਤੇ ਇਸੇ ਹਾਲਤ ਵਿਚ ਬਾਜ਼ਾਰਾਂ ਵਿਚ ਵਿਖਾਏ ਜਾਂਦੇ ਸਨ। ਜਿਨ੍ਹਾਂ ਆਦਮੀਆਂ ਦੇ ਘਰ ਲੁਟੇ ਗਏ ਸਨ ਉਹਨਾਂ ਨੇ ਆਪਣਾ ਗੱਚ ਕਢਿਆ ਤੇ ਬੱਧੇ ਹੋਏ ਕੈਦੀਆਂ ਨੂੰ ਗਾਹਲਾਂ ਦੇ ਕੇ ਅਤੇ ਇੱਟਾਂ ਵੱਟੇ ਮਾਰ ਕੇ ਆਪਣਾ ਦਿਲ ਠੰਡਾ ਕੀਤਾ।

ਸਰਹੰਦੋਂ ਤੁਰ ਜਦ ੨੪ ਮਾਘ ਸੰਮਤ ੧੭੭੨ ਬਿਕ੍ਰਮੀ ਨੂੰ ਦਿੱਲੀ ਪਾਸ ਪੁਜੇ ਤਾਂ ਬਾਦਸ਼ਾਹ ਨੇ ਮੁਹੰਮਦ ਅਮੀਨ ਖ਼ਾਂ ਨੂੰ ਅਗੋਂ ਭੇਜਿਆ ਕਿ ਸਭ ਕੈਦੀਆਂ ਨੂੰ ਇਸ ਢਗ ਨਾਲ ਲਿਆਵੇ। ਤਿੰਨ ਹਜ਼ਾਰ ਸਿੰਘਾਂ ਦੇ ਸਿਰ ਜੋ ਬਰਛੀਆਂ ਉਤੇ ਟੰਗੇ ਹੋਏ ਸਨ, ਸਭ ਨਾਲੋਂ ਅਗੇ ਕਰ ਕੇ ਅਤੇ ਕੈਦੀਆਂ ਦਾ ਮੂੰਹ ਕਾਲਾ ਕਰ ਕੇ ਤੇ ਸਿਰਾਂ ਉਤੇ ਕਾਠ ਦੀ ਟੋਪੀ ਰਖ ਕੇ, ਬੰਦੇ ਨੂੰ ਕਾਠ ਦੇ ਪਿੰਜਰੇ ਵਿਚ ਪਾ ਕੇ ਅਤੇ



www.AKJ.Org

ਬਾਕੀਆਂ ਨੂੰ ਗੱਡਿਆਂ ਉਤੇ ਬਿਠਾ ਕੇ ਸ਼ਹਿਰ ਵਿਚ ਲਿਆਵੇ। ਲਾਹੌਰੀ ਦਰਵਾਜ਼ਿਓਂ ਕੋਤਵਾਲੀ ਤੀਕ ਆਦਮ ਹੀ ਆਦਮ ਖੜਾ ਸੀ ਅਤੇ ਅਜੀਬ ਕੈਦੀਆਂ ਨੂੰ ਦੇਖ ਕੇ ਹਰ ਕੋਈ ਖ਼ੁਸ਼ ਹੋ ਰਿਹਾ ਸੀ। ਜਦ ਬਾਦਸ਼ਾਹ ਦੇ ਹਜ਼ੂਰ ਗਏ ਤਾਂ ਉਸ ਨੇ ਹੁਕਮ ਦਿਤਾ ਕਿ ਬੰਦਾ ਬਹਾਦਰ, ਓਸ ਦਾ ਪੁੱਤਰ ਅਤੇ ਦੋ ਤਿੰਨ ਉਸ ਦੇ ਮੋਅਤਬਰਾਂ ਨੂੰ ਤਾਂ ਕਿਲ੍ਹੇ ਵਿਚ ਕੈਦ ਕੀਤਾ ਜਾਵੇ ਅਤੇ ਬਾਕੀ ਸਿੰਘ ਕੋਤਵਾਲੀ ਅੰਦਰ ਬੰਦ ਕੀਤੇ ਜਾਣ।

ਨਾਲ ਹੀ ਇਹ ਭੀ ਹੁਕਮ ਦਿਤਾ ਕਿ ਕੈਦੀਆਂ ਵਿਚੋਂ ਸੋ ਸੋ, ਦੋ ਦੋ ਸੋ ਰੋਜ਼ ਕੋਤਵਾਲੀ ਦੇ ਸਾਹਮਣੇ ਕਿਲ੍ਹੇ ਦੇ ਦਰਵਾਜ਼ੇ ਅਗੇ ਅਤੇ ਵਡੇ ਵਡੇ ਬਾਜ਼ਾਰਾਂ ਦੇ ਚੁਰੱਸਤਿਆਂ ਵਿਚ ਕਤਲ ਕੀਤੇ ਜਾਇਆ ਕਰਨ ਅਤੇ ਜਿਹੜਾ ਕੈਦੀ ਮੁਸਲਮਾਣ ਹੋਣਾ ਮਨਜ਼ੂਰ ਕਰਲਵੇ ਓਹ ਛੱਡ ਦਿਤਾ ਜਾਵੇ। ਪਰ ਵਾਹ ਖ਼ਾਲਸਈ ਹੌਸਲਾ! ਕਿ ਅਠ ਨੌਂ ਸੋ ਕੈਦੀਆਂ ਵਿਚੋਂ ਇਕ ਨੇ ਵੀ ਦਿਲ ਨਾ ਡੁਲਾਇਆ ਅਤੇ ਕਤਲ ਹੋਣ ਵਿਚ ਇਕ ਨਾਲੋਂ ਦੂਜਾ ਸਿੰਘ ਪਹਿਲ ਕਰਨੀ ਚਾਹੁੰਦਾ ਰਿਹਾ। ਖ਼ਾਫ਼ੀ ਖ਼ਾਂ ਲਿਖਦਾ ਹੈ ਕਿ ਮੈਂ ਇਹਨਾਂ ਸਿੰਘਾਂ ਦੇ ਨਿਸਚੇ ਦੀਆਂ ਐਸੀਆਂ ਐਸੀਆਂ ਗੱਲਾਂ ਸੁਣੀਆਂ ਹਨ, ਜਿਨ੍ਹਾਂ ਨੂੰ ਅਕਲ ਮੰਨ ਨਹੀਂ ਸਕਦੀ, ਪਰ ਜੋ ਕੁਝ ਮੈਂ ਆਪਣੀ ਅੱਖੀਂ ਵੇਖਿਆ ਹੈ ਉਹ ਲਿਖਦਾ ਹਾਂ ਕਿ ਇਹਨਾਂ ਕੈਦੀਆਂ ਵਿਚ ਇਕ ਦਾਹੜੀ ਮੁਛ ਫੁਟਦਾ ਲੜਕਾ ਸੀ। ਉਸ ਦੀ ਮਾਤਾ ਨੇ ਵਸੀਲਾ ਪਾ ਕੇ ਆਪਣੇ ਕਿਸੇ ਹਮੈਤੀ ਦੀ ਰਾਹੀਂ ਬਾਦਸ਼ਾਹ ਅਤੇ ਉਸ ਦੇ ਵਜ਼ੀਰ ਸੱਯਦ ਅਬਦੁਲ ਪਾਸ ਰੋ ਰੋ ਕੇ ਬੇਨਤੀ ਕੀਤੀ ਕਿ ਮੇਰਾ ਪੁੱਤਰ ਇਹਨਾਂ ਕੈਦੀਆਂ ਵਿਚ ਹੈ। ਇਕ ਵਾਰ ਸਿੰਘ ਲੁਟ ਮਾਰ ਨੂੰ ਆਏ, ਇਸ ਨੂੰ ਫੜ ਕੇ ਲੈ ਗਏ ਸਨ। ਉਦੋਂ ਦਾ ਹੀ ਇਹ ਇਹਨਾਂ ਨਾਲ ਹੈ, ਅਤੇ ਬੇ-ਦੋਸ਼ਾ ਹੀ ਕਤਲ ਕੀਤਾ ਚਲਿਆ ਹੈ।

ਬਾਦਸ਼ਾਹ ਨੂੰ ਤਰਸ ਆ ਗਿਆ ਅਤੇ ਉਸਦੇ ਪੁੱਤਰ ਦੀ ਰਿਹਾਈ ਵਾਸਤੇ ਆਪਣੇ ਹਜ਼ੂਰੋਂ ਇਕ ਆਦਮੀ ਘੱਲਿਆ। ਉਹ ਤ੍ਰੀਮਤ ਖ਼ਲਾਸੀ ਦਾ ਹੁਕਮ ਲੈ ਕੇ ਐਨ ਉਸ ਵੇਲੇ ਪੁੱਜੀ ਜਦ ਕਿ ਜਲਾਦ ਲਹੂ ਨਾਲ ਭਿੱਜੀ ਹੋਈ ਤਲਵਾਰ ਖਿੱਚੀ ਉਸ ਨੂੰ ਵੱਢਣ ਵਾਲਾ ਹੀ ਸੀ। ਉਸ ਦੇ ਪੁੱਤਰ ਨੇ ਰੌਲਾ ਪਾਇਆ ਕਿ ਮੇਰੀ ਮਾਤਾ ਝੂਠ ਬੋਲਦੀ ਹੈ, ਮੈਂ ਤਨੋਂ ਮਨੋਂ ਆਪਣੇ ਗੁਰੂ ਤੋਂ ਘੋਲੀ ਹਾਂ, ਮੈਨੂੰ ਝਬਦੇ ਮੇਰੇ ਸਾਥੀਆਂ ਪਾਸ ਪੁਚਾਓ।

ਤ੍ਵਾਰੀਖ ਮੁਹੰਮਦ ਸ਼ਾਹੀ ਦੇ ਲੇਖਕ ਨੇ ਇਸ ਸਾਖੀ ਨੂੰ ਹੋਰ ਤਰ੍ਹਾਂ ਹੀ ਦਿੱਤਾ ਹੈ। ਉਸ ਦੇ ਲੇਖ ਤੋਂ ਪਤਾ ਲਗਦਾ ਹੈ ਕਿ ਜਦ ਜ਼ਕਰੀਆ ਖ਼ਾਂ ਸਿੰਘਾਂ ਨੂੰ ਲੈ ਕੇ ਦਿੱਲੀ ਪਾਸ ਪੁੱਜਾ ਤਾਂ ਪਤਾ ਲੱਗਾ ਕਿ ਆਹ ਸਾਹਮਣੇ ਪਿੰਡ ਵੀ ਇਕ ਛੋਕਰਾ ਸਿੰਘ ਸਜ ਗਿਆ ਹੈ। ਉਸੇ ਵੇਲੇ ਉਸ ਨੂੰ ਫੜ ਮੰਗਾਂਉਣ ਦਾ ਹੁਕਮ ਦਿੱਤਾ ਅਤੇ ਕੁਝ ਆਦਮੀ ਉਸ ਪਿੰਡ ਵਲ ਘੱਲੇ ਗਏ। ਕਰਤਾਰ ਦੀ ਕੁਦਰਤ! ਉਹ ਅਜੇ ਵਿਆਹ ਕਰਵਾ ਕੇ ਆਇਆ ਹੀ ਸੀ ਕਿ ਇਹ ਜਮਦੂਤ ਅਪੜ ਪਏ। ਡੋਲਾ ਅਜੇ ਘਰ ਵੀ ਨਹੀਂ ਪੁੱਜਾ ਕਿ ਇਹ ਵਿਚਾਰਾ ਫੜ ਲਿਆ ਗਿਆ, ਅਤੇ ਘਰ ਵਾਲਿਆਂ ਦੀ ਖੁਸ਼ੀ ਸੋਗ ਵਿਚ ਬਦਲ ਗਈ। ਵਿਚਾਰੇ ਦਾ ਪਿਤਾ ਮਰ ਚੁਕਾ ਸੀ, ਜੋ ਇਸ ਵੇਲੇ ਸਹਾਇਤਾ ਕਰਦਾ। ਜਾਂਞੀਆਂ ਜਾਂ ਪਿੰਡ ਵਿਚੋਂ ਹੋਰ ਕਿਸੇ ਆਦਮੀ ਦਾ ਹੌਸਲਾ ਨ ਪਿਆ ਕਿ ਇਸ ਬੇਦੋਸ਼ੇ ਨੂੰ ਛੁਡਾਉਣ ਦੀ ਕੋਸ਼ਸ਼ ਕੀਤੀ ਜਾਵੇ। ਵਿਧਵਾ ਮਾਤਾ ਆਪਣੀ ਨਵੀਂ ਨੂੰਹ ਨੂੰ ਨਾਲ ਲੈ ਕੇ ਦਿੱਲੀ ਵਲ ਵਗੀ, ਅਤੇ ਬਾਦਸ਼ਾਹ ਦੀ ਕਚਹਿਰੀ ਅਗੇ ਜਾ ਦੁਹਾਈ ਪਾਈ। ਕਹਿਰ ਦਾ ਸਮਾਂ! ਸੱਚ ਬੋਲਿਆਂ ਛੁਟਕਾਰਾ ਨਹੀਂ ਹੋਣਾ ਸੀ, ਜੇਕਰ ਆਖ ਦੇਵੇ ਕਿ ਮੇਰੇ ਪੁਤਰ ਨੂੰ ਬਦੋ ਬਦੀ ਫੜ ਲਿਆ ਹੈ ਤਾਂ ਪੁੱਤਰ ਦੇ ਨਾਲ ਆਪਣਾ ਭੀ ਅੰਤ ਹੈ। ਇਸ ਲਈ ਉਸ ਨੇ ਇਹ ਸਾਖੀ ਘੜੀ ਕਿ ਇਕ ਵਾਰ ਸਿੰਘਾਂ ਨੇ ਸਾਡਾ ਪਿੰਡ ਲੁੱਟਿਆ ਤਾਂ ਮੇਰਾ ਨਵਾਂ ਵਿਆਹਿਆ ਪੁਤਰ ਵੀ ਲੁਟ ਵਿਚ ਹੀ ਲੈ ਗਏ, ਉਸ ਦੀ ਵਹੁਟੀ ਦੇ ਹੱਥਾਂ ਪੈਰਾਂ ਦੀ ਮਹਿਦੀ ਅਜੇ ਉਸੇ ਤਰ੍ਹਾਂ ਹੈ, ਅਤੇ ਗਾਨਾ ਅਜੇ ਤੀਕ ਕਿਸੇ ਨਹੀਂ ਖੋਲ੍ਹਿਆ।

ਬੁਢੀ ਦੇ ਵਿਰਲਾਪ ਨੇ ਪੱਥਰ-ਦਿਲ ਹਾਕਮਾਂ



www.AKJ.Org

ਨੂੰ ਮੋਮ ਕਰ ਦਿਤਾ ਅਤੇ ਬਾਦਸ਼ਾਹ ਤੋਂ ਅੰਤ ਨੂੰ ਹੁਕਮ ਲੈ ਹੀ ਲਿਆ ਕਿ ਇਸ ਦਾ ਪੁੱਤਰ ਛੱਡ ਦਿਤਾ ਜਾਵੇ। ਇਹ ਹੁਕਮ ਲੈ ਕੇ ਜਦ ਉਹ ਦਰੋਗੇ ਪਾਸ ਪੁਜੀ ਤਾਂ ਕੀ ਵੇਖਦੀ ਹੈ ਕਿ ਕੋਤਵਾਲੀ ਦੇ ਸਾਹਮਣੇ ਸਿੰਘਾਂ ਦੀ ਕਤਾਰ ਬੈਠੀ, ਇਕ ਇਕ ਸਿੰਘ ਨੂੰ ਮੁਸਲਮਾਨ ਹੋਣ ਲਈ ਕਿਹਾ ਜਾਂਦਾ ਹੈ। ਜਦ ਉਹ ਨਹੀਂ ਮੰਨਦਾ ਤਾਂ ਕਈ ਪ੍ਰਕਾਰ ਦੇ ਤਸੀਹੇ ਦੇ ਕੇ ਕਤਲ ਕੀਤਾ ਜਾਂਦਾ ਹੈ। ਉਸ ਵੇਲੇ ਉਸ ਦੇ ਪੁੱਤਰ ਦੀ ਵਾਰੀ ਸੀ ਅਤੇ ਜਲਾਦ ਲਹੂ-ਭਰੀ ਤਲਵਾਰ ਧੂਹੀ ਤਿਆਰ ਹੀ ਸੀ ਕਿ ਆਪਣਾ ਕੰਮ ਆਰੰਭੇ ਤਾਂ ਇਸ ਨੇ ਹਾਲ-ਦੁਹਾਈ ਪਾਈ ਅਤੇ ਬਾਦਸ਼ਾਹ ਦੇ ਹਜ਼ੂਰੋਂ ਆਏ ਆਦਮੀ ਨੇ ਉਸ ਦੇ ਛੱਡ ਦਿਤੇ ਜਾਣ ਲਈ ਦਰੋਗੇ ਨੂੰ ਕਹਿ ਦਿੱਤਾ। ਸ਼ਹੀਦ ਹੋਣ ਲਗੇ ਸਿੰਘ ਬੱਚੇ ਨੇ ਕਿਹਾ— 'ਮੈਂ ਨਹੀਂ ਜਾਣਦਾ, ਇਹ ਕਿਸ ਦੀ ਮਾਤਾ ਹੈ ਅਤੇ ਇਹ ਵਹੁਟੀ ਕਿਥੋਂ ਲਿਆਂਦੀ ਹੈ, ਇਹ ਕਿਸ ਤਰ੍ਹਾਂ ਦੀਆਂ ਗੱਲਾਂ ਕਰਦੇ ਹਨ। ਮੇਰੇ ਸਾਥੀ ਤਾਂ ਗਏ; ਪਰ ਮੇਰੇ ਜਾਣ ਦਾ ਸਮਾਂ ਜਾ ਰਿਹਾ ਹੈ, ਢਿੱਲ ਮੈਨੂੰ ਅਤੇ ਤੁਹਾਨੂੰ ਦੋਹਾਂ ਨੂੰ ਦੁਖਦਾਈ ਹੈ'। ਬੁੱਢੀ ਬਥੇਰਾ ਰੋਈ, ਹਾਕਮਾਂ ਨੇ ਵੀ ਮਨ੍ਹਾ ਕੀਤਾ ਪਰ ਉਹ ਮੁੰਡਾ ਨਹੀਂ ਮੰਨਿਆ ਅਤੇ ਅੰਤ ਨੂੰ ਆਪਣਾ ਸਿਰ ਸਚ ਤੋਂ ਵਾਰ ਦਿਤਾ।

ਸੱਤਾਂ ਕੁ ਦਿਨਾਂ ਵਿਚ ਸਾਰੇ ਸਿੰਘ ਮੁੱਕ ਗਏ, ਪਰ ਉਹਨਾਂ ਵਿਚੋਂ ਇਕ ਨੇ ਵੀ ਮੁਸਲਮਾਨੀ ਮਤ ਅੰਗੀਕਾਰ ਨਹੀਂ ਕੀਤਾ। ਜਿਸ ਦਿਨ ਆਖ਼ਰੀ ਜੱਥਾ ਕਤਲ ਕੀਤਾ ਗਿਆ ਉਸ ਦਿਨ ਫੱਗਣ ਦੀ ਸੰਗਰਾਂਦ ਸੀ। ਬੁੱਢੇ ਬੁੱਢੇ ਆਦਮੀ ਦਸਦੇ ਹਨ ਕਿ ਅਜਿਹੀ ਖ਼ੂੰ-ਰੇਜ਼ੀ ਅਗੇ ਕਦੇ ਨਹੀਂ ਦੇਖੀ। ਪਰ ਜ਼ੁਲਮ ਦੀ ਅਜੇ ਹੱਦ ਨਹੀਂ ਹੋਈ, ਸਭ ਸਿੰਘਾਂ ਨੂੰ ਕਤਲ ਕਰ ਕੇ ਉਹਨਾਂ ਦੇ ਸਿਰ ਸ਼ਹਿਰ ਦੇ ਰੁੱਖਾਂ ਨਾਲ ਲਟਕਾਏ ਗਏ, ਉਹਨਾਂ ਦੇ ਧੜਾਂ ਦੇ ਟੋਟੇ ਟੋਟੇ ਕਰ ਕੇ ਕਿਤੇ ਲੱਤ, ਕਿਤੇ ਬਾਂਹ ਅਤੇ ਕਿਤੇ ਸਾਰਾ ਧੜ ਹੀ ਦਰੱਖ਼ਤ ਨਾਲ ਲਟਕਾ ਦਿਤਾ ਗਿਆ। ਕਈ ਥਾਈਂ ਜ਼ਮੀਨ ਵਿਚ ਨੇਜ਼ੇ ਤੇ ਬਰਛੀਆਂ ਗੱਡ ਕੇ ਸਿੰਘਾਂ ਦੇ ਸਿਰ ਟੰਗੇ ਹੋਏ ਸਨ। ਸਿੰਘਾਂ ਵਿਚੋਂ ਇਕ ਦੀ ਲੋਥ ਵੀ ਸਾੜੀ ਯਾ ਫੂਕੀ ਨਹੀਂ ਗਈ, ਸਾਰੀਆਂ ਇਸ ਤਰ੍ਹਾਂ ਸ਼ਹਿਰ ਦੇ ਵਿਚ ਯਾ ਇਰਦੇ ਗਿਰਦੇ ਟੰਗੀਆਂ ਹੋਈਆਂ ਸਨ। ਚਾਰ ਕੁ ਹਜ਼ਾਰ ਸਿਰ ਅਤੇ ਇਤਨੀਆਂ ਹੀ ਲੱਤਾਂ ਬਾਹਾਂ, ਧੜ ਰੁੱਖਾਂ ਨਾਲ ਲਟਕਾਏ, ਉਹਨਾਂ ਦੇ ਮਾਸ ਨੂੰ ਗਿਰਝਾਂ ਅਤੇ ਕਾਂਵਾਂ ਦਾ ਖਾਣਾ ਅਤੇ ਸਾਰੇ ਸ਼ਹਿਰ ਵਿਚ ਬਦਬੂ ਦਾ ਫੈਲਣਾ ਬੜੇ ਭੈ-ਭੀਤ ਕਰਨ ਵਾਲੇ ਨਜ਼ਾਰੇ ਸਨ। ਇਸ ਤਰ੍ਹਾਂ ਹੀ ਕਈ ਦਿਨ ਲੰਘ ਗਏ ਅਤੇ ਅੰਤ ਨੂੰ ਜਦ ਹੱਡੀਆਂ ਰਹਿ ਗਈਆਂ ਤਾਂ ਹੌਲੀ ਹੌਲੀ ਪਿੰਜਰ ਵੀ ਜ਼ਮੀਨ ਉਤੇ ਡਿਗ ਪਏ। ਐਸਾ ਕਰਨਾ ਉਸ ਵੇਲੇ ਦੀ ਆਮ ਰਸਮ ਸੀ ਅਤੇ ਇਸ ਲਈ ਕੀਤਾ ਜਾਂਦਾ ਸੀ ਕਿ ਐਸੇ ਨਜ਼ਾਰੇ ਵੇਖ ਕੇ ਲੋਕੀ ਡਰ ਜਾਣ ਅਤੇ ਕਿਸੇ ਵਿਚ ਬਗ਼ਾਵਤ ਕਰਨ ਦਾ ਹੌਸਲਾ ਨਾ ਪਵੇ।

ਖ਼ਾਲਸੇ ਲਈ ਮੁਸੀਬਤ ਦੀ ਇਹ ਪਹਿਲੀ ਲੜੀ ਸੀ। ਬੰਦਾ ਮਾਰਿਆ ਗਿਆ ਅਤੇ ਚੁਣਵੇਂ ਆਗੂ ਸਭ ਮਾਰੇ ਗਏ। ਹਾਕਮਾਂ ਜਾਣਿਆ ਹੁਣ ਇਹ ਲਹਿਰ ਮਰ ਗਈ ਹੈ। ਪਰ ਤਦ ਵੀ ਜੋ ਕਿਤੇ ਨਾਮ ਮਾਤ੍ਰ ਸਿਖ ਨਜ਼ਰ ਆਉਂਦਾ ਸੀ ਉਸੇ ਨੂੰ ਦਲੇਰ-ਜੰਗ ਮਾਰੀ ਗਿਆ। ਦਲੇਰ-ਜੰਗ ਮਾਰੀ ਜਾਂਦਾ ਸੀ, ਸਿੰਘ ਵਧਦੇ ਜਾਂਦੇ ਸਨ। ਉਸੇ ਹੀ ਸਮੇਂ ਸਰ ਬੁਲੰਦ ਖ਼ਾਂ ਕਾਬਲ ਦਾ ਸੂਬਾ ਹੋ ਕੇ ਦਿਲੀ ਵਲੋਂ ਆਇਆ। ਦਲੇਰ-ਜੰਗ ਨੇ ਉਸ ਪਾਸੋਂ ਭੀ ਸਹਾਇਤਾ ਮੰਗੀ ਤੇ ਦੋਹਾਂ ਨੇ ਰਲ ਕੇ ਖ਼ਾਲਸੇ ਦੇ ਲਹੂ ਨਾਲ ਹੱਥ ਰੰਗੇ, ਪਰ ਖ਼ਾਲਸਾ ਤਦ ਭੀ ਨਾ ਮੁਕਾ। (ਚੱਲਦਾ)

ਸੰਪਾਦਕੀ ਨੋਟ :—ਇਸ ਲੇਖ ਦੀ ਦੂਜੀ ਕਿਸ਼ਤ ਵਿਚ ਲੇਖਕ ਨੇ ਦਸਿਆ ਕਿ ਖ਼ਾਲਸਾ ਕਿਵੇਂ ਅਨੇਕਾਂ ਸ਼ਹੀਦੀਆਂ ਦੇਣ ਪਿਛੋਂ, ਦੋ ਘਲੂ-ਘਾਰਿਆਂ ਵਿਚ ਅਲਖ ਮੁਕਾਏ ਜਾਣ ਦੇ ਬਾਵਜੂਦ ਮੁਸੀਬਤਾਂ ਵਿਚ ਚੜ੍ਹਦੀਆਂ ਕਲਾਂ ਵਿਚ ਰਹਿ ਕੇ ਵਧਦਾ ਫੁਲਦਾ ਰਿਹਾ। ਇਹ ਸਾਰਾ ਲੇਖ ਅਗਲੇ ਪਰਚੇ ਵਿਚ ਪੜ੍ਹੋ।

---



www.AKJ.Org

# ਗੁਰਬਾਣੀ ਦੀਆਂ ਲਗਾਂ ਮਾਤ੍ਰਾਂ ਦੀ ਮਹੱਤਤਾ

[ ਵਲੋਂ—ਗੁਰਪੁਰ ਵਾਸੀ ਭਾਈ ਸਾਹਿਬ ਰਣਧੀਰ ਸਿੰਘ ਜੀ ]

ਗੁਰਬਾਣੀ ਅੰਦਰ ਆਈਆਂ ਲਗਾਂ ਮਾਤ੍ਰਾਂ ਸਤਿਗੁਰੂ ਦੀ ਅਗਾਧ ਨੇਤ ਅਨੁਸਾਰ ਅਜਿਹੇ ਗੁਰਮਤਿ ਅਸੂਲਾਂ ਦੇ ਬੱਧੇ (set) ਨਿਯਮਾਂ ਅੰਦਰ ਸ਼ੁਭਨੀਕ ਮੋਤੀਆਂ ਵਾਂਗੂ ਜੜੀਆਂ ਹੋਈਆਂ ਹਨ ਕਿ ਇਨ੍ਹਾਂ ਤੋਂ ਬਿਨਾਂ ਕਿਸੇ ਭੀ ਗੁਰਵਾਕ ਪੰਗਤੀ ਦਾ ਭਾਵ ਬਣਦਾ ਹੀ ਨਹੀਂ। ਅਧੂਰਾ ਹੀ ਰਹਿੰਦਾ ਹੈ। ਪੂਰਾ ਹੁੰਦਾ ਹੀ ਨਹੀਂ।

ਗੁਰਬਾਣੀ ਦਾ ਤੱਤ-ਆਸ਼ਾਵੀ ਭਾਵ ਇਹਨਾਂ ਲਗਾਂ ਮਾਤ੍ਰਾਂ ਅੰਦਰ ਹੀ ਗੁਪਤ ਹੈ ਅਤੇ ਅਜਿਹੀ ਤੱਤ ਮਰਯਾਦਾ ਅੰਦਰ ਗੁੰਫਤ ਹੈ ਕਿ ਸਮਗਰ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਅੰਦਰ ਇਕ-ਰਸ ਨਿਯਮ-ਪ੍ਰੋਤਾ, ਪੂਰਤ ਸੰਧੂਰਤ ਹੈ। ਵਿਲੱਖਣਤਾ-ਮਈ ਵਾਧਾ ਇਹ ਹੈ **ਕਿ ਇਹਨਾਂ ਲੱਗਾਂ ਮਾਤ੍ਰਾਂ ਅੰਦਰ ਨਿਯਮਤ ਹੋਏ ਗੁਰਬਾਣੀ ਦੇ ਭਾਵ ਇਕ ਤੋਂ ਅਨੇਕ ਨਹੀਂ ਹੋ ਸਕਦੇ।** ਇਕ ਗੁਰਵਾਕ ਪੰਗਤੀ ਦਾ ਭਾਵ ਇਕੋ ਹੀ ਰਹਿੰਦਾ ਹੈ, ਦੂਜਾ ਕਦੇ ਹੋ ਹੀ ਨਹੀਂ ਸਕਦਾ। ਲਗਾਂ ਮਾਤ੍ਰਾਂ ਦੇ ਇਸ ਗੁਰਮਤਿ ਗੋਝ ਭਾਵ ਦੇ ਤੱਤ ਤੋਂ ਅਗਿਆਤ ਅਨਜਾਣ ਲੋਗ, ਜੋ ਇਕੋ ਗੁਰਵਾਕ ਦੇ ਅਨੇਕਾਂ ਅਰਥ ਲਾਉਂਦੇ ਹਨ, ਉਹ ਮਹਿਜ਼ ਆਪਣਾ ਗਿਆਨ-ਪੁਣਾ, ਆਪਣੀ ਵਿਦਵਤਾ ਹੀ ਛਾਂਟਦੇ ਹਨ। ਵਾਸਤਵ ਵਿਚ ਇਹ ਉਹਨਾਂ ਦੀ ਮਨ ਦੀ ਮਤਿ, ਨਿਰੀ ਅਗਿਆਨਤਾ ਭਰੀ ਮਤਿ ਹੀ ਹੁੰਦੀ ਹੈ, ਜਿਸ ਮਨਮਤ ਦਾ ਖੋਟਾ ਢਬੂਆ ਲਗਾਂ ਮਾਤ੍ਰਾਂ ਦੀ ਗੁਪਤ ਗੋਝ ਕਸੌਟੀ ਤੇ ਲਾਇਆਂ ਉਤਰ ਜਾਂਦਾ ਹੈ ਤੇ ਉਘੜ ਜਾਂਦਾ ਹੈ। ਬਾਕੀ ਦੇ ਅਰਥ ਲਵੱਈਏ (ਲਾਉਣਹਾਰੇ)ਲੋਗ ਆਪੋ ਆਪਣੀ ਮਤਿ ਦੇ ਅਨੁਸਾਰ, ਮਨ-ਭਾਉਂਦੇ ਭਾਂਤ ਭਾਂਤ ਦੇ ਅਰਥ ਇਕੋ ਗੁਰਵਾਕ ਦੇ ਲਾਉਂਦੇ ਹਨ, ਇਕ ਗੁਰਵਾਕ ਪੰਗਤੀ ਦੇ ਅਨੇਕਾਂ ਅਰਥ ਅਰਥਾਉਂਦੇ ਹਨ, ਜਿਸ ਨੂੰ ਦੇਖ ਕੇ ਗੁਰਮਤਿ ਦੀ ਤੱਤ-ਖੋਜ ਦੇ ਅਲੂੜ ਜਗਿਆਸੂ ਬੜੇ ਪਰੇਸ਼ਾਨ ਹੁੰਦੇ ਹਨ।

ਧੁਰੋਂ ਆਈ ਧੁਰਿ-ਧੁਰੰਧਰੀ ਗੁਰਬਾਣੀ ਦੀ ਸਰਬੱਗਤਾ ਏਸੇ ਵਿਚ ਹੀ ਹੈ ਕਿ ਇਸ ਦੇ ਭਾਵ ਦਾ ਧੁਰੋਂ ਬਨ੍ਹਿਆ ਧੁਰਵਾ ਇਕ ਹੀ ਹੋਵੇ। ਅਰਥ ਅਨੇਕਤਾ ਵਾਲੇ ਭਾਵ ਵਿਚ ਧੁਰ-ਧਰੰਮੀ ਸਰਬਗਤਾ ਦੀ ਅਟੱਲਤਾ ਰਹਿੰਦੀ ਨਹੀਂ, ਉਡ ਜਾਂਦੀ ਹੈ। ਅਰਥਾਂ ਦੀ ਅਨੇਕਤਾ ਵਿਚ ਭਾਂਤ ਭਾਂਤ ਦੀਆਂ ਮਤਿ-ਬੁਧੀਆਂ ਦੀ ਅਲਪਗਤਾ ਹੀ ਉਘੜਦੀ ਹੈ। ਇਸ ਵਿਚ ਗਿਆਨ-ਗੰਮਤਾ ਗੰਭੀਰਤਾ ਕੋਈ ਨਹੀਂ।

ਇਕ ਵਾਰ ਦਾ ਜ਼ਿਕਰ ਹੈ ਕਿ ਅਸੀਂ ਦੋ ਪ੍ਰਸਿਧ ਅਰਥ-ਗਿਆਨੀ, ਗੁਰਵਾਕ ਦੀ ਏਸ ਪੰਗਤੀ ਉਤੇ ਝਗੜਦੇ ਹੋਏ ਦੇਖੇ—

ਨਾਨਕ ਗਿਆਨੀ ਜਗੁ ਜੀਤਾ,
ਜਗਿ ਜੀਤਾ ਸਭੁ ਕੋਇ॥ [੫੯੧]

ਬੜੇ ਹੀ ਭਾਂਤ ਭਾਂਤ ਦੇ ਅਰਥ ਲਾਉਣ, ਆਪੋ ਆਪਣੀ ਅਲਪਗ ਬੁਧੀ ਅਨੁਸਾਰ। ਇਕ ਤਾਂ ਕਹੇ ਕਿ ਗਿਆਨਵਾਨ ਜਗਤੁ (ਸੰਸਾਰ) ਹੀ ਅਸਲੀ ਜੀਉਣੀ ਜੀਉਂਦਾ ਹੈ, ਹੋਰ ਸਭ ਕੋਈ ਸੰਸਾਰੀਆਂ ਵਾਲੀ ਜੀਉਣੀ ਜੀਊਂਦੇ ਹਨ। ਦੂਜਾ ਕਹੇ,ਇਸ ਜਗਤ ਅੰਦਰ ਇਕਗਿਆਨੀ ਪੁਰਸ਼ ਹੀਸੱਚੀ ਜੀਊਣੀ ਜੀਊਂਦਾ ਹੈ। ਇਸ ਪ੍ਰਕਾਰ ਆਪੋ ਆਪਣੇ ਅਰਥਾਂ ਦਾ ਪੱਖ ਪੂਰ ਕੇ ਆਪਸ ਵਿਚ ਦੋਵੇਂ ਗਿਆਨੀ ਖਹੀ ਜਾਣ, ਕੋਈ ਭੀ ਆਪਣੀ ਹਾਰ ਨਾ ਮੰਨੇ। ਅਮਰ ਅਜਾਚੀਂ ਅਸੀਂ ਭੀ ਇਸ ਖਹਿ-ਮਖਹਿ ਗਿਆਨ-ਮਈ ਨਜ਼ਾਰੇ ਤੇ ਪਹੁੰਚ ਗਏ, ਅਤੇ ਦੋਹਾਂ ਨੂੰ ਬੇਨਤੀ ਕੀਤੀ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਪ੍ਰਕਾਸ਼ ਕਰ ਕੇ ਇਸ ਗੁਰਵਾਕ ਪੰਗਤੀ ਦੀਆਂ ਲਗਾਂ ਮਾਤ੍ਰਾਂ ਤਾਂ ਦੇਖੋ। ਪਰ ਉਹ ਦੋਵੇਂ ਗਿਆਨੀ ਇਸ ਗੱਲ ਨੂੰ ਨਾ ਮੰਨਣ ਅਤੇ ਕਹਿਣ ਕਿ ਲਗਾਂ ਮਾਤਰਾਂ ਵਿਚ ਕੀ ਪਿਆ ਹੈ। ਅਸੀਂ ਆਖਿਆ, "ਬਹੁਤ ਕੁਝ ਪਿਆ ਹੈ। ਇਹਨਾਂ ਵਿਚ ਹੀ ਤਾਂ ਗੋਹਜ ਅਰਥਾਂ ਦਾ ਤੱਤ-ਖ਼ਜ਼ਾਨਾ ਭਰਪੂਰ ਹੈ। ਤੁਹਾਡੇ ਖਿਆਲ ਵਿਚ ਐਵੇਂ ਹੀ ਇਹ ਲਗਾਂ ਮਾਤ੍ਰਾਂ



www.AKJ.Org

ਲਗੀਆਂ ਹੋਈਆਂ ਹਨ ! ਕਿਸੇ ਖਾਸ ਮਨੋਰਥ ਲਈ ਹੀ ਸਰਬਗ ਸਤਿਗੁਰੂ ਸਾਹਿਬਾਨ ਨੇ ਲਾਈਆਂ ਹਨ।'' ਬਹੁਤ ਜ਼ੋਰ ਦੇਣ ਪਰ ਉਹਨਾਂ ਨੂੰ ਮਜਬੂਰ ਹੋਣਾ ਪਿਆ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕਰ ਕੇ ਜਦੋਂ ਅਕਾਲੀ ਕੌਰ ਸਿੰਘ ਦੇ ਰਚੇ ਗੁਰਬਾਣੀ ਦੇ ਇੰਡੈਕਸ (ਤਤਕਰੇ) ਦੀ ਮਦਦ ਨਾਲ ਇਸ ਗੁਰਵਾਕ ਪੰਗਤੀ ਨੂੰ ਲੱਭਿਆ ਤਾਂ ਅਸੀਂ ਬੇਨਤੀ ਕੀਤੀ ਕਿ ਗਹੁ ਕਰ ਕੇ ਦੇਖੋ, ਇਸ ਪੰਗਤੀ ਅੰਦਰ ਦੋ ਵਾਰ 'ਜਗ' ਪਦ ਆਇਆ ਹੈ। ਦੋਹਾਂ ਥਾਵਾਂ ਤੇ ਇਕੋ ਜਿਹਾ ਹੀ ਲਿਖਿਆ ਹੈ ਕਿ ਵਖੋ ਵਖ ਲਗਾਂ ਮਾਤ੍ਰਾਂ ਸਹਿਤ ਲਿਖਿਆ ਹੈ ?

ਗਹੁ ਕਰ ਕੇ ਦੇਖਿਆ ਗਿਆ ਤਾਂ ਪਹਿਲੇ ਪਦ ਦੇ ਗਗੇ ਪਦ-ਅੱਖਰ ਨੂੰ ਔਂਕੜ ਲਗਿਆ ਹੋਇਆ ਸੀ ਅਤੇ ਦੂ ਜੇਗਗੇ ਨੂੰ ਸਿਹਾਰੀ ਲਗੀ ਹੋਈ ਸੀ। ਪਾਠ ਦਾ ਇਹ ਫਰਕ ਉਨ੍ਹਾਂ ਨੇ ਦੇਖਿਆ ਤਾਂ ਸਹੀ, ਪਰ ਇਸ ਫ਼ਰਕ ਦੀ ਅਹਿਮੀਅਤ ਉਹਨਾਂ ਨੂੰ ਪਰਤੀਤ ਨਾ ਹੋਵੇ।

ਓੜਕ ਉਹਨਾਂ ਨੇ ਸਾਨੂੰ ਹੀ ਆਖਿਆ, ਔਂਕੜ ਸਿਹਾਰੀ ਦੇ ਵਿਤਕਰੇ ਨੂੰ ਤੁਸੀਂ ਹੀ ਦਸੋ ਕਿ ਇਹ ਦੋਵੇਂ ਕੀ ਖ਼ਸੂਸੀਅਤ ਰਖਦੇ ਹਨ। ਜਦੋਂ ਅਸੀਂ ਲਗਾਂ ਮਾਤ੍ਰਾਂ ਦੇ ਗੁਰਮਤਿ ਅਟੱਲ ਨਿਯਮਾ-ਵਲੀ ਅਸੂਲਾਂ ਨੂੰ ਨਿਖਾਰ ਕੇ ਪਰਗਟ ਕੀਤਾ ਤੇ ਪੰਗਤੀ ਦਾ ਤੱਤ-ਭਾਵ ਇਸ ਪਰਕਾਰ ਦਰਸਾਇਆ ਕਿ—

ਗੁਰੂ ਨਾਨਕ ਦੇ ਘਰ ਦੇ ਗੁਰਮੁਖ ਗਿਆਨੀ ਨੇ 'ਮਨਿ ਜੀਤੈ ਜਗੁ ਜੀਤੁ' ਦੇ ਭਾਵ ਅਨੁਸਾਰ ਜਗ ਜਿਤ ਲਿਆ ਹੈ। 'ਨਾਨਕ ਗਿਆਨੀ ਜਗੁ ਜੀਤਾ' ਨਹੀਂ ਤਾਂ ਜਗ ਨੇ ਸਭ ਕੋਈ (ਸਭ ਕਿਸੇ ਨੂੰ) ਜਿਤ ਲਿਆ ਹੈ 'ਜਗਿ ਜੀਤਾ ਸਭ ਕੋਇ।' ਪਿਛਲੇ 'ਜਗਿ' ਪਦ ਨੂੰ ਸਿਹਾਰੀ ਲੱਗੀ ਹੋਈ ਹੈ। ਉਸ ਸਿਹਾਰੀ ਵਿਚ 'ਨੇ' ਦੇ ਅਰਥ ਗੋਝ ਰਖੇ ਹੋਏ ਹਨ। ਸਾਰੀ ਗੁਰਬਾਣੀ ਅੰਦਰ ਇਕ ਸਿਰੇ ਤੋਂ ਲੈ ਕੇ ਅੰਤ ਤਾਈਂ ਇਹੀ ਨਿਯਮ ਵਿਦਮਾਨ ਹੈ। ਦੂਜਾ ਅਰਥ ਕੋਈ ਬਣ ਹੀ ਨਹੀਂ ਸਕਦਾ। ਉਹਨਾਂ ਦੋਹਾਂ ਨੂੰ ਓੜਕ ਮੰਨਣਾ ਹੀ ਪਿਆ ਕਿ ਲਗਾਂ ਮਾਤ੍ਰਾਂ ਦੀ ਗੋਝ ਗੁਰਮਤਿ-ਕਲਾ ਹੀ ਗੁਰਬਾਣੀ ਦੇ ਤੱਤ-ਅਰਥ ਦਰਸਾਉਣ ਹਿਤ ਸਹਾਈ ਹੈ।

ਇਕ ਵਾਰੀ ਅਸੀਂ ਰਾਧਾ ਸੁਆਮੀਆਂ ਦੇ ਮਹੰਤ ਬਾਬੂ ਸਾਉਣ ਸਿੰਘ ਨੂੰ 'ਹਉਮੈ ਸਬਦਿ ਜਲਾਏ' ਦੇ ਅਰਥ ਇਉਂ ਲਾਉਂਦਾ ਸੁਣਿਆ, ਹੇ ਭਾਈ, ਹਉਮੈ ਰੂਪੀ ਸ਼ਬਦ ਨੂੰ ਜਲਾ ਦੇਵੋ। ਇਹ ਅਰਥ ਸੁਣਦੇ ਸਾਰ ਹੀ ਮੈਥੋਂ ਨਾ ਰਿਹਾ ਗਿਆ ਅਤੇ ਤੱਤ ਛਿਨ ਹੀ ਪ੍ਰਸ਼ਨ ਕੀਤਾ ਕਿ ਹਉਮੈ ਯਾ ਹਉਮੈ ਰੂਪੀ ਭੀ ਕੋਈ ਸ਼ਬਦ ਹੈ ? ਉਹ ਭੜਕ ਕੇ ਕਹਿਣ ਲਗਾ ਕਿ ਤੁਸੀਂ ਹੀ ਆਉ ਕਥਾ ਕਰੋ। ਮੈਂ ਭੀ ਕਰਨਾ ਹਾਂ। ਮੈਂ ਆਖਿਆ, ਭੜਕਣ ਦੀ ਕੋਈ ਲੋੜ ਨਹੀਂ, ਜ਼ਰਾ ਤੁਸੀਂ ਗੌਰ ਨਾਲ ਦੇਖੋ ਕਿ 'ਸਬਦਿ' ਪਦ ਦੇ ਛੇਕੜਲੇ ਅਖਰ ਦਦੇ ਨੂੰ ਸਿਹਾਰੀ ਲੱਗੀ ਹੋਈ ਹੈ ਕਿ ਨਹੀਂ। ਉਸ ਦੇਖ ਕੇ ਆਖਿਆ, ਲਗੀ ਤਾਂ ਹੋਈ ਹੈ, ਫੇਰ ਕੀ ਹੋਇਆ ? ਮੈਂ ਆਖਿਆ, ਹੋਇਆ ਨਹੀਂ ! ਅਰਥ ਸਪੱਸ਼ਟ ਹੋ ਗਿਆ। ਉਸ ਆਖਿਆ, ਉਹ ਕੀ ? ਮੈਂ ਆਖਿਆ, ਸਬਦਿ ''ਗੁਰ-ਸ਼ਬਦ'' ਦੁਆਰਾ ਹਉਮੈ ਨੂੰ ਜਲਾ ਦੇਵੋ। ਇਹ ਅਰਥ ਸਹੀ ਸਿਧ ਹੋਏ। ਇਹ ਦਦੇ ਦੀ ਸਿਹਾਰੀ ਦੀ ਗੋਝ ਕਲਾ ਦੀ ਹੀ ਕਰਾਮਾਤ ਹੈ, ਜਿਸ ਨੇ ਇਹ ਅਰਥ ਸਪੱਸ਼ਟਾਇ ਦਿਤਾ। ਸਿਹਾਰੀ ਦੇ ਗੋਝ ਅਰਥ 'ਦੁਆਰਾ' ਦੇ ਹਨ। ਇਸ ਉਪਰ ਹੋਰ ਭੀ ਕਈ ਪ੍ਰਮਾਣ ਉਸਨੂੰ ਦਰਸਾਏ ਗਏ। ਸਾਰੀ ਸੁਨਣਹਾਰੀ ਸੰਗਤ ਮੰਨ ਗਈ। ਅਤੇ ਉਹ ਬੜਾ ਪਰੇਸ਼ਾਨ ਹੋਇਆ।

ਇਕ ਵਾਰ ਦਾ ਹੋਰ ਜ਼ਿਕਰ ਹੈ ਕਿ ਅਸੀਂ ਸਾਰਾ ਜੱਥਾ ਇਕ ਅਨੰਦ ਕਾਰਜ ਸਮਾਗਮ ਤੇ ਹੜੱਪੇ ਗਏ ਹੋਏ ਸਾਂ। ਉਸ ਇਲਾਕੇ ਦੀ ਬਹੁਤ ਸਾਰੀ ਸੰਗਤ ਵੀ ਆਈ ਹੋਈ ਸੀ। ਅਨੰਦ ਕਾਰਜ ਦੀ ਸਮਾਪਤੀ ਤੇ ਜੋ ਗੁਰਵਾਕ ਆਇਆ, ਉਸ ਨੂੰ ਗ੍ਰੰਥੀ ਸਿੰਘ (ਉਸੇ ਇਲਾਕੇ ਦਾ) ਅਸਲੀ ਅੱਖਰੀ ਸੁਧਤਾ ਸਹਿਤ ਇਉਂ ਪੜ੍ਹਨ ਲਗਾ—



www.AKJ.Org

ਹਰਿ ਜਨੁ ਰਾਮ ਨਾਮ ਗੁਨ ਗਾਵੈ ॥
ਜੇ ਕੋਈ ਨਿੰਦ ਕਰੇ ਹਰਿ ਜਨ ਕੀ,
ਅਪੁਨਾ ਗੁਨੁ ਨ ਗਵਾਵੈ ॥ [੭੨੦]

ਜਦੋਂ ਇਹ ਪੰਗਤੀ ਪੜ੍ਹੀ ਉਸ ਗ੍ਰੰਥੀ ਸਿੰਘ ਨੇ, ਤਾਂ ਉਸੇ ਇਲਾਕੇ ਦੇ ਇਕ ਪ੍ਰਸਿਧ ਗਿਆਨੀ ਨੇ ਉਸ ਨੂੰ ਟੋਕਿਆ ਅਤੇ ਬੜੇ ਰੋਅਬ-ਦਾਬ ਨਾਲ ਕਿਹਾ : ਕਿ "ਗੁਨਨ" ਪਾਠ ਕਰੋ, 'ਗੁਨ ਨ' ਕਿਉਂ ਕਰਦਾ ਹੈਂ ? ਗੁਨ ਤੇ ਨ ਨੂੰ ਨਿਖੇੜਦਾ ਕਿਉਂ ਹੈਂ ? ਮੈਂ ਉਸ ਗਿਆਨੀ ਦੀ ਨੋਕ ਟੋਕ ਨੂੰ ਸੁਣ ਕੇ ਆਖਿਆ ਕਿ ਗ੍ਰੰਥੀ ਸਿੰਘ ਠੀਕ ਪਾਠ ਕਰਦਾ ਹੈ, ਉਸ ਨੂੰ ਟੋਕਦੇ ਕਿਉਂ ਹੋ ?' ਤਾਂ ਉਹ ਬਿਰਧ ਸਫ਼ੈਦ-ਰੀਸ਼ ਗਿਆਨੀ ਮੈਨੂੰ ਅਕੜ ਕੇ ਪਿਆ ਤੇ ਕਹਿਣ ਲਗਾ, "ਤੈਨੂੰ ਕੀ ਪਤਾ ਹੈ ?" ਮੈਂ ਭੀ ਉਸ ਹੰਕਾਰੀ ਦਾ ਹੰਕਾਰ ਦਮਨ ਕਰਨ ਲਈ ਉਸੇ ਟੋਨ ਵਿਚ ਉਤਰ ਦਿੱਤਾ, "ਤੈਨੂੰ ਭੀ ਕੀ ਪਤਾ ਹੈ ?" ਉਸ ਨੇ ਮੇਰੇ ਚੱਕਰ ਕੜੇ ਸਜੇ ਹੋਏ ਦੇਖ ਕੇ ਸਮਝਿਆ ਕਿ ਕੋਈ ਅਨਪੜ੍ਹ ਨਿਹੰਗ ਹੋਣਾ ਹੈ । ਜਦੋਂ ਉਹ ਛਿਥਾ ਜਿਹਾ ਪਿਆ ਤਾਂ ਇਕ ਪਾਸ ਬੈਠੇ ਗਿਆਨੀ ਦਾ ਮੁਅਤਕਿਦ ਸਿਖ ਮੈਨੂੰ ਆਖਣ ਲੱਗਾ ਕਿ ਇਹ ਬੜੇ ਮਾਨਨੀਕ ਮੰਨੇ-ਦੰਨੇ ਗਿਆਨੀ ਹਨ । ਇਹਨਾਂ ਅਗੇ ਕਿਸੇ ਨੇ ਅਜ ਤਾਈਂ ਹੁਤ ਨਹੀਂ ਕੀਤੀ।

ਉਸ ਦੇ ਚਾਟੜੇ ਵਲੋਂ ਇਹ ਹਿਮਾਇਤ ਹੋਣ ਪਰ ਉਕਤ ਹੈਂਕੜੀ ਗਿਆਨੀ ਫੇਰ ਹੀਂਜਰ ਕੇ ਕੁਝ ਬੋਲਿਆ । ਮੈਂ ਉਸ ਨੂੰ ਆਖਿਆ, ਗਿਆਨੀ ਜੀ ! ਹੀਂਜਰਨ ਦੀ ਤੇ ਘਬਰਾਉਣ ਦੀ ਕੋਈ ਲੋੜ ਨਹੀਂ । ਜੋ ਗ੍ਰੰਥੀ ਸਿੰਘ ਨੇ ਪਾਠ ਪੜ੍ਹਿਆ ਹੈ, ਉਸ ਪਾਠ ਨੂੰ ਗਹੁ ਕਰ ਕੇ ਫੇਰ ਸੁਣ ਲਵੋ, ਲਗਾਂ ਮਾਤ੍ਰਾਂ ਦੀ ਸੁਧਤਾਈ ਸਹਿਤ । ਗਿਆਨੀ ਜੀ ਬੋਲੇ, "ਤੈਨੂੰ ਕੀ ਸ਼ਊਰ ਹੈ ? 'ਗੁਨਨ' ਬਹੁ ਵਚਨ ਹੈ । ਤੈਨੂੰ ਪਤਾ ਹੈ, ਬਹੁ-ਵਚਨ ਕਿਸ ਬਲਾ ਦਾ ਨਾਉਂ ਹੈਂ ?" ਮੈਂ ਆਖਿਆ, 'ਜੇ ਬਹੁ-ਵਚਨ ਹੈ ਤਾਂ 'ਆਪਣੇ ਗੁਨਨ' ਪਾਠ ਹੋਣਾ ਚਾਹੀਦਾ ਹੈ । ਪ੍ਰੰਤੂ ਪਾਠ ਤੇ ਪੜ੍ਹਿਆ ਹੈ, 'ਅਪੁਨਾ ਗੁਨੁ ਨ ਗਵਾਵੈ', ਤਾਂ ਤੇ 'ਅਪੁਨਾ' ਪਦ 'ਗੁਨਨ' ਬਹੁ ਵਚਨ ਨਾਲ ਫਬਦਾ ਈ ਨਹੀਂ ।" ਗਿਆਨੀ ਜੀ ਫੇਰ ਬੜੀ ਮਹਾਨਤਾ ਸਹਿਤ ਬੋਲੇ, "ਪਾਠ ਹੈ 'ਆਪਨ, 'ਅਪਨਾ' ਨਹੀਂ । ਇਸਦਾ ਫੈਸਲਾ ਤਾਂ ਸ਼ੁਧ ਪਾਠ ਦੇਖਣ ਤੇ ਹੈ ।" ਮੈਂ ਆਖਿਆ, "ਪਾਠੀ ਜੀ, ਦੇਖੋ ਪਾਠ ਕੀ ਹੈ ?" ਗ੍ਰੰਥੀ ਜੀ ਨੇ ਗਹੁ ਨਾਲ ਵੇਖ ਕੇ 'ਅਪੁਨਾ' ਪਾਠ ਫੇਰ ਕੀਤਾ । "ਹੁਣ ਦਸੋ ਗਿਆਨੀ ਜੀ, ਕੋਈ ਕਸਰ ਰਹੀ ਹੈ ? ਜੇ ਅਜੇ ਵੀ ਕੋਈ ਕਸਰ ਹੈ", ਮੈਂ ਆਖਿਆ,'ਤਾਂ ਪਾਠ ਤੇ ਹੋਰ ਭੀ ਨਿਗਾਹ ਮਾਰੋ । ਜੇ ਤਾਂ 'ਗੁਨੁ' ਦੇ ਨੰਨੇ ਅਖਰ ਨੂੰ ਔਂਕੜ ਹੈ ਤਦ ਤਾਂ ਇਹ ਬਹੁ ਵਚਨ ਨਹੀਂ । ਬਹੁਤ ਗੁਣ ਅਰਥ ਨਹੀਂ ਬਣੇਗਾ, ਇਕੋ ਗੁਣ ਬਣੇਗਾ । ਜੇ ਔਂਕੜ ਨੰਨੇ ਨੂੰ ਨਹੀਂ ਤਾਂ 'ਗੁਨ' ਨੰਨੇ ਮੁਕਤੇ ਨਾਲ ਹੀ ਬਗੈਰ ਅਗਲੇ ਨੰਨੇ ਦੇ ਬਹੁ-ਵਚਨ ਹੋ ਸਕਦਾ ਹੈ ।" ਤਾਂ ਗਿਆਨੀ ਜ਼ੀ ਕਹਿਣ ਲਗੇ (ਗ੍ਰੰਥੀ ਨੂੰ ਮੁਖ਼ਾਤਬ ਕਰ ਕੇ), "ਭਾਈ ਦੇਖੋ 'ਗੁਨ' ਦਾ ਨੰਨਾ ਮੁਕਤਾ ਹੀ ਹੈ ਨਾ ?" ਗ੍ਰੰਥੀ ਨੇ ਗਹੁ ਨਾਲ ਦੇਖਿਆ ਅਤੇ ਬਿਸੇਖਿਆ ਕਿ 'ਗੁਨੁ' ਦੇ ਨੰਨੇ ਨੂੰ ਔਂਕੜ ਹੈ । ਸੁਣ ਕੇ ਗਿਆਨੀ ਜੀ ਬੜੇ ਤਲਮਲਾਏ । ਅਤੇ ਮੈਨੂੰ ਕੋੜ ਕੇ ਫੇਰ ਆਖਣ ਲਗੇ ਕਿ ਔਂਕੜ ਨਾਲ ਤੂੰ 'ਗੁਨੁ' ਦੇ ਅਰਥ ਕੀ ਕਰੇਂਗਾ ? ਉੱਤਰ ਵਿਚ ਮੈਂ ਆਖਿਆ, ਤੁਸੀਂ 'ਗੁਨਨ' ਦੇ ਬਹੁ-ਵਚਨ ਵਾਲੇ ਅਰਥ ਨਾਲ ਸਾਰੀ ਦੁਪੰਗਤੀ ਦਾ ਕੀ ਅਰਥ ਬਣਾਉਂਦੇ ਹੋ ? ਤਾਂ ਗਿਆਨੀ ਜੀ ਬੋਲੇ, ਕਿ ਹਰਿਜਨ ਜੌਨਸਾ ਹੈ, ਕਰਿ ਕਰ ਕੇ, ਉਹ ਰਾਮ ਨਾਮ ਦੇ ਗੁਣ ਗਾਈ ਚਲੇ । ਜੌਨਸਾ ਪੁਰਸ਼ ਹਰਿ ਜਨ ਕੀ ਨਿੰਦਾ ਕਰਤਾ ਹੈ, ਵੋਹ ਨਿੰਦਕ ਪੁਰਸ਼ ਆਪਣੇ ਗੁਣ ਗੰਵਾ ਲੈਂਦਾ ਹੈ ।

ਮੈਂ ਆਖਿਆ, ਨਿੰਦਕ ਅੰਦਰ ਤਾਂ ਗੁਣ ਹੀ ਕੋਈ ਨਹੀਂ ਹੁੰਦੇ । ਉਸ ਨੇ ਗਵਾਉਣੇ ਕੀ ਸੀ । ਕਿਸੇ ਵਿਚ ਕੋਈ ਗੁਣ ਹੋਊ, ਕਿਸੇ ਵਿਚ ਕੋਈ, ਪਰ ਨਿੰਦਕ ਵਿਚ ਤਾਂ ਗੁਣ ਹੀ ਕੋਈ ਨਹੀਂ । ਇਸ ਪਰਥਾਇ ਮੈਂ ਹੋਰ ਬੋਲ ਸੁਣਾਏ । ਤਿਸ ਪਰ ਗਿਆਨੀ ਜੀ ਮੈਨੂੰ ਆਖਣ ਲਗੇ, ਤੁਸੀਂ ਦਸੋ, ਔਂਕੜ ਵਾਲੇ ਇਕ-ਵਚਨ ਅਰਥੀ 'ਗੁਨੁ' ਦਾ ਕੀ ਅਰਥ ਕਰੋਗੇ ? (ਐਤਕੀਂ ਓਸ ਦੇ ਹਿਰਦੇ ਨੇ ਕੁਝ ਕਾਂਪ ਖਾਧੀ ਤਾਂ ਤੂੰ ਦੇ ਥਾਂ ਤੁਸੀਂ ਕਹਿ ਕੇ ਮੈਨੂੰ ਸੰਬੋਧਨ ਕੀਤਾ) । ਮੈਂ



www.AKJ.Org

ਆਖਿਆ, ਸਿੱਧੀ ਗੱਲ ਹੈ ਕਿ ਹਰਿ ਜਨ ਰਾਮ ਨਾਮ ਗੁਣ ਗਾਈ ਹੀ ਜਾਵੇ। ਜੇ ਕੋਈ ਉਸ ਦੀ ਨਿੰਦਾ ਕਰਦਾ ਹੈ ਉਸ ਦਾ ਕੁਛ ਗੁਮੇਹ ਨ ਕਰੇ, ਪਰਵਾਹ ਨ ਕਰੇ। ਆਪਣਾ ਰਸ ਪ੍ਰੇਮ ਸ਼ਾਂਤ ਸਹਿਤ ਗੁਣ ਗਾਉਣ ਵਾਲਾ ਗੁਣ ਨਾ ਗਵਾਵੇ। ਗੁੱਸਾ ਕਰੋਧ ਨਾ ਕਰੇ।

ਕਬੀਰ ਸੰਤੁ ਨ ਛਾਡੈ ਸੰਤਈ, ਜਉ ਕੋਟਿਕ ਮਿਲਹਿ ਅਸਤ ॥ ਮਲਿਆਗਰੁ, ਭੁਯੰਗਮ ਬੇਢਿਓ ਤ ਸੀਤਲਤਾ ਨ ਤਜੰਤ ॥੧੭੪॥

ਇਹੋ ਭਾਵ ਹੈ "ਅਪੁਨਾ ਗੁਨੁ ਨ ਗਵਾਵੈ"। ਚੰਦਨ ਦੇ ਬਿਰਖ ਨੂੰ ਭਾਵੇਂ ਅਨਗਿਣਤ ਸੱਪ ਲਿਪਟੇ ਰਹਿਣ, ਪਰ ਚੰਦਨ ਦਾ ਬਿਰਖ ਆਪਣੀ ਸੀਤਲਤਾ ਅਤੇ ਸੁਗੰਧੀ ਵਾਲਾ ਗੁਣ ਨਹੀਂ ਤਜਦਾ। ਇਸ ਤਰ੍ਹਾਂ ਚਾਹੇ ਕਰੋੜਾਂ (ਕੋਟਿਕ) ਅਸੰਤ ਅਨਾੜੀ ਨਿੰਦਕ, ਹਰਿ ਗੁਣ ਗਾਵਣਹਾਰੇ ਗੁਰਮੁਖ ਜਨ ਨੂੰ ਮਿਲਣ, ਪਰ ਉਹ ਆਪਣੀ ਸੰਤਤਾਈ, ਗੁਰਮੁਖਤਾਈ ਵਾਲਾ ਸੀਲ ਸੁਭਾਉ ਨਹੀਂ ਛੱਡਦਾ। ਨਾ ਹੀ ਨਿੰਦਿਆ ਤੇ ਨਿੰਦਕਾਂ ਦੀ ਪਰਵਾਹ ਹੀ ਕਰਦਾ ਹੈ, ਨਿਰਭੈ ਹੋ ਕੇ, ਬੇਪਰਵਾਹ ਹੋ ਕੇ ਹਰਿ ਗੁਣ ਗਾਈ ਹੀ ਜਾਂਦਾ ਹੈ।

ਇਹ ਤੱਤ-ਭਾਵੀ ਭਾਸ਼ਣ ਸੁਣ ਕੇ ਸਾਰੀ ਸੰਗਤ ਗਦ ਗਦ ਹੋ ਗਈ ਅਤੇ ਗਿਆਨੀ ਜੀ ਠਠੰਬਰ ਕੇ ਚੁਪ ਹੋ ਗਏ। ਮਾਣ-ਧਾਰੀ ਹੋਣ ਕਰਕੇ ਓਥੇ ਭਰੀ ਸੰਗਤ ਵਿਚ ਤਾਂ ਕੁਛ ਕੁਸਕੇ ਨਹੀਂ, ਪਰ ਫੇਰ ਪਿਛੋਂ, ਜਿਥੇ ਸਾਡਾ ਉਤਾਰਾ ਸੀ, ਉਥੇ ਇਕੱਲੇ ਚੱਲ ਕੇ ਆਏ ਅਤੇ ਬੜੀ ਹੀ ਭਾਵਨਾ ਨਾਲ, ਸ਼ਰਧਾ ਪੂਰਤ ਹੋ ਕੇ ਆਏ। ਅਸੀਂ ਭੀ ਪ੍ਰੇਮ-ਭਾਵਨਾ ਸਹਿਤ ਉਨ੍ਹਾਂ ਨੂੰ ਪਾਸ ਬਿਠਾਇਆ। ਥੋੜਾ ਚਿਰ ਪਰਸਪਰ ਪ੍ਰੇਮ-ਵਾਰਤਾ ਹੋਣ ਪਸਚਾਤ ਬੜੇ ਹੀ ਪ੍ਰਸੰਨ ਹੋ ਕੇ ਮੰਨੇ ਕਿ ਸਚ ਮੁਚ ਲਗਾਂ ਮਾਤ੍ਰਾਂ ਅੰਦਰ ਹੀ ਅਸਲ ਤੇ ਸਚੇ ਅਰਥ ਗੁਰਬਾਣੀ ਲੁਪਤ ਗੁਪਤ ਹਨ। ਸਾਨੂੰ ਅਜ ਪਤਾ ਲਗਾ ਹੈ, ਸਾਰੀ ਉਮਰ ਐਵੇਂ ਗੰਵਾ ਲਈ। ਅਸੀਂ ਸਮਝਦੇ ਰਹੇ ਕਿ ਇਹ ਲਗਾਂ ਮਾਤ੍ਰਾਂ ਫ਼ਾਲਤੂ ਹੀ ਲੱਗੀਆਂ ਹੋਈਆਂ ਹਨ।

ਇਹ ਗਿਆਨੀ ਜੀ ਗਿਆਨ-ਪੁਣੇ ਦਾ ਗੁਮਾਨ ਤਿਆਗ ਕੇ ਅਤਿ ਨਿਰਮਾਣ ਹੋ ਗਏ ਤੇ ਲਗਾਂ ਮਾਤ੍ਰਾਂ ਦੀ ਗੁਰਮਤਿ ਗੋਝ ਕਲਾ ਉਤੇ ਉਨ੍ਹਾਂ ਦੀ ਸ਼ਰਧਾ ਬਣ ਆਈ ਅਤੇ ਸਾਫ਼ ਸਾਫ਼ ਸਪੱਸ਼ਟ ਤੌਰ ਤੇ ਮੰਨ ਗਏ ਕਿ ਗੁਰਬਾਣੀ ਦੇ ਕਿਸੇ ਵਾਕ ਪੰਗਤੀ ਦਾ ਇਕ ਤੋਂ ਛੁਟ ਦੂਜਾ ਅਰਥ ਹੋਰ ਹੋ ਨਹੀਂ ਸਕਦਾ, ਜੋ ਅਨੇਕਾਂ ਅਰਥ ਕਰਦੇ ਹਨ, ਬੜੇ ਅਗਿਆਨੀ ਹਨ। ਵਾਰਤਾਲਾਪ ਸਮਾਪਤ ਹੋਈ।

[ ਚੱਲਦਾ—ਪੁਸਤਕ ਦੀ ਭੂਮਿਕਾ ਵਿਚੋਂ ]

---

## ਪਿੰਡ ਬਲ (ਜਲੰਧਰ) ਵਿਖੇ ਅਖੰਡ ਪਾਠ ਤੇ ਰੈਣ-ਸਬਾਈ ਕੀਰਤਨ

ਸੰਗਤਾਂ ਦੇ ਚਰਨਾਂ ਵਿਚ ਬਿਨੈ ਹੈ ਕਿ ਦਾਸ ਦੇ ਗ੍ਰਿਹ ਵਿਖੇ ੨੭ ਸਤੰਬਰ ਸ਼ਨੀਵਾਰ ਸਵੇਰੇ ਸ੍ਰੀ ਅਖੰਡਪਾਠ ਦੇ ਭੋਗ ਤੋਂ ਪਿਛੋਂ ਦੁਪਹਿਰ ਤਕ ਅਖੰਡ ਕੀਰਤਨ ਹੋਣਗੇ ਅਤੇ ਉਸੇ ਰਾਤ ਗੁਰਦਵਾਰਾ ਸਾਹਿਬ ਵਿਖੇ ਰੈਣ ਸਬਾਈ ਕੀਰਤਨ ਹੋਣਗੇ। ਅੰਮ੍ਰਿਤ ਸਿੰਚਾਰ ਭੀ ਹੋਵੇਗਾ। ਸਮੂਹ ਕੀਰਤਨ-ਰਸੀਏ ਵੀਰ ਭੈਣਾਂ ਦਰਸ਼ਨ ਦੇ ਕੇ ਧੰਨਵਾਦੀ ਬਣਾਉਣ।

ਪਿੰਡ ਬਲ ਜਲੰਧਰ ਤੋਂ ਟਾਂਡਾ ਰੋਡ ਤੇ ਸਤਵੇਂ ਮੀਲ ਤੇ ਸੜਕੋਂ ਜ਼ਰਾ ਕੁ ਹਟਵਾਂ ਹੈ। ਜਲੰਧਰ ਅਡੇ ਤੋਂ ਬਸ ਸ਼ਾਮ ਦੇ ਸਵਾ ਪੰਜ ਵਜੇ ਚਲਦੀ ਹੈ ਜੋ ਬਰਾਸਤਾ ਨੌਗਜਾ ਬਲ ਪਿੰਡ ਥਾਣੀਂ ਮੁਸਤਾਪੁਰ ਜਾਂਦੀ ਹੈ।

ਦਾਸ—ਪੂਰਨ ਸਿੰਘ ਤਲਵਾੜੇ ਵਾਲਾ, ਪਿੰਡ ਬਲ ਜ਼ਿਲਾ ਜਾਲਧਰ।



www.AKJ.Org

# ਵੀਚਾਰ ਗੋਚਰੀ ਵੀਚਾਰ

(ਵਲੋਂ—ਸ: ਰਾਮ ਸਿੰਘ ਜੀ ਢਿਲੋਂ, ਅੰਮ੍ਰਿਤਸਰ)

ਖਾਲਸਾ ਪੰਥ ਨੇ ਸੀਸ ਭੇਟ ਦੇ ਕੇ, ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਪਾਸੋਂ ਅੰਮ੍ਰਿਤ ਦੀ ਦਾਤ ਪ੍ਰਾਪਤ ਕੀਤੀ । ਮਹਿੰਗਾ ਮੁਲ ਅਦਾਅ ਕਰ ਕੇ ਅੰਮ੍ਰਿਤ ਦੀ ਦਾਤ ਪਾਈ। ਸਾਹਿਬਾਂ ਦੀ ਚਲਾਈ ਮਰਯਾਦਾ ਅਨੁਸਾਰ ਅੰਮ੍ਰਿਤ ਸਿੰਚਾਰ ਸਮੇਂ, ਅੰਮ੍ਰਿਤ-ਅਭਿਲਾਖੀਆਂ ਪਾਸੋਂ ਇਹ ਇਕਰਾਰ ਲਿਆ ਜਾਂਦਾ ਹੈ ਕਿ ਆਪਣਾ ਸੀਸ ਗੁਰੂ ਦੀ ਭੇਟ ਸਮਝਣਗੇ, ਉਹ ਗੁਰੂ-ਦਰਸਾਈ ਪੰਜ ਕਕਾਰੀ ਰਹਿਤ ਵਿਚ ਵਿਚਰਨਗੇ, ਚਾਰ ਬੱਜਰ ਕੁਰਹਿਤਾਂ ਤੋਂ ਬਚੇ ਰਹਿਣਗੇ, ਅੰਮ੍ਰਿਤ ਵੇਲੇ ਦੀ ਨਿਤਾਪ੍ਰਤ ਸੰਭਾਲ ਕਰਨਗੇ, ਧਰਮ ਦੀ ਕਿਰਤ ਕਰਕੇ ਕੁਝ ਹਥੋਂ ਦੇ ਕੇ ਸਭ ਦਾ ਭਲਾ ਮਨਾਉਣਗੇ, ਸ਼ਚ ਬੋਲਣਗੇ ਆਦਿ । ਕਲਜੁਗ ਦੀ ਭਯੰਕਰ ਚਾਲ ਦੇਖ ਕੇ ਉਪਰ ਦਰਸਾਏ ਇਕਰਾਰ ਕਰ ਕੇ, ਤਾ-ਜ਼ਿੰਦਗੀ ਨਿਭਾਉਣਗੇ, ਇਹ ਕੋਈ ਸਹਿਲ ਬਾਤ ਨਹੀਂ ਹੈ । ਅੰਮ੍ਰਿਤ-ਅਭਿਲਾਖੀ ਨੂੰ ਇਹ ਮਹਿੰਗਾ ਮੁਲ ਦੇਣ ਦਾ ਇਕਰਾਰ ਕਰਨ ਤੇ ਹੀ ਅਧਿਕਾਰੀ ਕਰਾਰ ਦਿਤਾ ਜਾਂਦਾ ਹੈ ।

ਅੰਮ੍ਰਿਤ ਉਹ ਵਸਤ ਹੈ ਜਿਸ ਨੂੰ ਸੁਰ, ਨਰ, ਮੁਨ, ਜਨ, ਭਾਲਦੇ ਰਹੇ, ਪਰ ਨ ਪਾ ਸਕੇ। ਇਸ ਦੀ ਪ੍ਰਾਪਤੀ ਕੇਵਲ ਗੁਰੂ ਨਾਨਕ ਸਾਹਿਬ ਦੇ ਦਰ, ਘਰ ਤੋਂ ਹੀ ਹੁੰਦੀ ਹੈ। ਇਸ ਦਾਤ ਨੂੰ ਦਸਵੇਂ ਜਾਮੇ ਵਿਚ ਗੁਰੂ ਨਾਨਕ (ਗੁਰੂ ਗੋਬਿੰਦ ਸਿੰਘ) ਸਾਹਿਬ ਨੇ ਪੰਥ ਦੇ ਹਵਾਲੇ ਕਰ ਕੇ ਕਰੜੀ ਹਿਦਾਇਤ ਕੀਤੀ, ਕਿ ਜਬ ਲਗ ਖ਼ਾਲਸਾ ਰਹੇ ਨਿਆਰਾ (ਗੁਰੂ ਦਰਸਾਈ ਮਰਯਾਦਾ ਵਿਚ ਵਿਚਰੇਗਾ) ਤਬ ਲਗ ਤੇਜ ਦੀਓ ਮੈਂ ਸਾਰਾ, (ਨਹੀਂ ਤਾਂ ਨਹੀਂ)। ਤਾਹੀਓਂ ਹੀ 'ਖਾਲਸਾ ਮੇਰਾ ਸਤਿਗੁਰੂ ਪੂਰਾ' ਕਹਿਲਾਉਣ ਦਾ ਹੱਕ-ਦਾਰ ਬਣਦਾ ਹੈ। ਨਹੀਂ ਤਾਂ ਕੁਝ ਵੀ ਨਹੀਂ ।

ਐਸਾ ਸਵਾਸ-ਗਿਰਾਸੀ ਨਾਮ, ਅਭਿਆਸੀ ਖਾਲਸਾ, ਸਤਿਗੁਰਾਂ ਤੋਂ ਵਾਰਨੇ ਜਾਣ ਵਾਲਾ ਖਾਲਸਾ, ਸਤਿਗੁਰਾਂ ਦੀ ਭੇ-ਭਾਵਨੀ ਵਿਚ ਰਹਿਣ ਵਾਲਾ ਖ਼ਾਲਸਾ, 'ਮਿਸਲ ਫ਼ਕੀਰਾਂ ਗਾਖੜੀ ਕਾਰ ਕਮਾ-ਉਣ ਵਾਲਾ ਖਾਲਸਾ ਅੰਮ੍ਰਿਤ-ਸਿੰਚਾਰ ਵਾਸਤੇ ਤਿਆਰੇ ਕਸਦਾ ਹੈ। ਅੰਮ੍ਰਿਤ-ਸਿੰਚਾਰ ਦੀ ਮਹਾਂ ਪਾਵਨ ਸੇਵਾ ਵਿਚ ਤੱਤਪਰ ਹੋ ਕੇ ਜੁਟ ਜਾਂਦਾ ਹੈ ਅਤੇ ਕਿਸੇ ਵੀ ਪਹਿਲੂ ਤੋਂ ਕੋਈ ਵੀ ਕਸਰ ਬਾਕੀ ਨਹੀਂ ਰਹਿਣ ਦੇਂਦਾ ਜਿਸ ਤੋਂ ਕਿਸੇ ਕਿਸਮ ਦੀ ਅਣਗਹਿਣੀ ਦੀ ਝਲਕ ਪਵੇ ।

ਹੇਠ ਲਿਖੀ ਘਟਨਾ ਤੋਂ ਗੁਰਸਿਖ ਜਨਤਾ ਜੀ ਨੂੰ ਇਸ ਲੇਖ ਦਾ ਮੰਤਵ ਸ਼ਪਸ਼ਟ ਹੋ ਜਾਵੇਗਾ—

ਇਕ ਅਸਥਾਨ ਤੇ ਅੰਮ੍ਰਿਤ-ਸਿੰਚਾਰ ਦੇ ਤਿਆਰੇ ਕਸੇ ਗਏ ਤੇ ਅੰਮ੍ਰਿਤ ਦਾ ਬਾਟਾ ਤਿਆਰ ਹੋ ਗਿਆ। ਅੰਮ੍ਰਿਤ-ਅਭਿਲਾਖੀ ਜਨ ਜਹਾਜ਼ੇ ਚੜ੍ਹ ਗਏ। 'ਸੂਰਾ ਪਰਿਵਾਰ' ਵਿਚੋਂ ਭੀ ਇਕ ਜਨ ਦੇ ਭਾਗਾਂ ਵਿਚ ਅੰਮ੍ਰਿਤ ਦਾ ਛਾਂਦਾ ਹਿੱਸੇ ਆਇਆ ਅਤੇ ਅੰਮ੍ਰਿਤ ਵਿਚੋਂ ਗੰਢੇ ਦੀ ਵਾਸ਼ਨਾ ਨਸੀਬ ਹੋਈ। ਪੁਛ ਗਿਛ ਤੋਂ ਪਤਾ ਲਗਾ ਕਿ ਜਿਸ ਬਾਟੇ ਵਿਚ ਅੰਮ੍ਰਿਤ ਤਿਆਰ ਕੀਤਾ ਗਿਆ ਸੀ ਉਸ ਵਿਚ ਕੁਝ ਸਮਾਂ ਪਿਆਜ ਕਟਕੇ ਰਖੇ ਰਹੇ ਸਨ ਤੇ ਪਿਆਜ ਕੱਢ ਕੇ, ਬਾਟੇ ਦੀ ਸੇਵਾ ਕਰ ਕੇ ਲਿਆਂਦਾ ਗਿਆ ਸੀ। ਜਿਸ ਤੋਂ ਇਹ ਨਤੀਜਾ ਨਿਕਲਦਾ ਹੈ ਕਿ ਜਿਤਨੀ ਵੀ ਬਾਟੇ ਦੀ ਸੇਵਾ ਹੋਈ ਉਹ ਕਾਫੀ ਨਹੀਂ ਸੀ।

ਜੇ ਤਾਂ ਅਸੀਂ ਅੰਮ੍ਰਿਤ ਤਿਆਰ ਕਰਨਾ ਖਬੇ ਹਥ ਦਾ ਕਰਤਬ ਸਮਝ ਲਈਏ ਤੇ ਇਸ ਕਲਿਆਣਕਾਰੀ ਅੰਮ੍ਰਿਤ ਵਿਚ ਸਮੇਂ ਦੀ ਥੁੜੋਂ ਦੇ ਕਾਰਨ ਜਾਂ ਆਪਣੇ ਸੌਖ ਲਈ ਅਣਗਹਿਲੀ ਵਰਤੀਏ ਤਾਂ ਇਸ ਤਰ੍ਹਾਂ ਢਿਲਤਾ ਦਿਨ ਬਦਿਨ ਆਪਣਾ ਪਰਵੇਸ਼ ਕਰਦੀ ਜਾਵੇਗੀ, ਅੰਮ੍ਰਿਤ ਦੀ ਕਲਾ ਵਿਚ ਜ਼ਰੂਰ ਫ਼ਰਕ ਪੈਂਦਾ ਜਾਵੇਗਾ ਤੇ ਅਸੀਂ ਸਚੀ ਦਰਗਹ ਦੇ ਦੇਣਹਾਰ ਹੋਵਾਂਗੇ। ਇਸ ਵਾਸਤੇ ਸਾਨੂੰ ਪੂਰੀ ਸਾਵਧਾਨੀ ਵਰਤਣ ਦੀ ਲੋੜ ਹੈ। ਜੇ ਅੰਮ੍ਰਿਤ ਮਿਲਣਾ ਮਹਿੰਗਾ ਹੈ ਤਾਂ ਇਸ ਦਾ ਤਿਆਰ ਕਰਨਾ ਵੀ ਮਹਿੰਗਾ ਹੀ ਹੋਣਾ ਚਾਹੀਏ। ਇਸ ਪਥਰਾਇ ਕੁਝ ਵਿਚਾਰ ਇਸ ਪ੍ਰਕਾਰ ਹੈ—

੧. ਜਿਵੇਂ ਅੰਮ੍ਰਿਤ-ਅਭਿਲਾਖੀਆਂ ਦੀ ਕਰੜੀ ਪਰਖ ਪੜਚੋਲ ਕਰ ਕੇ ਅੰਮ੍ਰਿਤ-ਅਧਿਕਾਰੀ ਕਰਾਰ



www.AKJ.Org

ਦਿਤਾ ਜਾਂਦਾ ਹੈ ਤਿਵੇਂ ਹੀ ਖੰਡੇ ਬਾਟੇ ਆਦਿ ਦੀ ਕਰੜੀ ਸੁਧਾਈ ਮੰਜਾਈ ਕਰਨੀ ਲੋੜੀਂਦੀ ਹੈ।

੨. ਅੰਮ੍ਰਿਤ-ਬਾਟੇ ਲਈ ਜਲ ਕੁੰਭ ਦਾ ਹੀ ਯੋਗ ਹੈ। ਕੁੰਭ ਦਾ ਜਲ ਕੇਵਲ ਅਖੰਡ ਪਾਠ ਤੋਂ ਪਰਾਪਤ ਹੋ ਸਕਦਾ ਹੈ ਤਾਂ ਤੇ ਸ੍ਰੀ ਅਖੰਡਪਾਠ ਦਾ ਹੋਣ ਅੰਮ੍ਰਿਤ-ਸਿੰਚਾਰ ਨਾਲ ਸਬੰਧਤ ਹੈ। ਕੁੰਭ ਵਾਸਤੇ ਜੋ ਮਿੱਟੀ ਦਾ ਨਵਾਂ ਭਾਂਡਾ ਲਿਆ ਜਾਵੇ ਉਸ ਦੀ ਚੰਗੀ ਤਰ੍ਹਾਂ ਸਵੱਛ ਅਤੇ ਖੁਲ੍ਹੇ ਜਲ ਨਾਲ ਕਪੜੇ ਦੀ ਸਹਾਇਤਾ ਨਾਲ ਸੁਧਾਈ ਹੋਣੀ ਚਾਹੀਏ।

੩. ਪਤਾਸੇ ਤਾਜ਼ੇ ਅਤੇ ਸਾਫ ਸੁਥਰੇ ਹੋਣੇ ਜ਼ਰੂਰੀ ਹਨ।

੪. ਪੰਚਾਂ ਦੇ ਬਸਤਰਾਂ ਦਾ ਤਿਆਰਾ: ਦਸ਼ਮੇਸ਼ ਪਿਤਾ ਨੇ ਪੰਜਾਂ ਦੇ ਸੀਸ ਲੈਕੇ ਉਨ੍ਹਾਂ ਨੂੰ ਸੁਰਜੀਤ ਕੀਤਾ ਅਤੇ ਆਪਣੇ ਪੁਸ਼ਾਕੇ ਜੈਸੇ ਪੁਸ਼ਾਕੇ ਪਹਿਨਾ ਕੇ, ਅੰਦਰੋਂ ਬਾਹਰੋਂ ਪੰਜਾਂ ਨੂੰ ਆਪਣਾ ਰੂਪ ਬਖਸ਼ ਕੇ ਦੀਵਾਨ ਵਿਚ ਸੰਗਤਾਂ ਦੇ ਸਾਹਮਣੇ ਲਿਆਂਦਾ ਸੀ। ਪੰਚਮ ਦੀ ਸੇਵਾ ਕਰਨ ਵਾਲਿਆਂ ਗੁਰੂ ਪਿਆਰਿਆਂ ਦਾ ਇਕ ਹੀ ਜੈਸਾ ਸਮੁਚਾ ਪੁਸ਼ਾਕਾ ਹੋਣਾ ਚਾਹੀਏ। ਕੇਸਕੀ ਦਸਤਾਰਾਂ ਅਤੇ ਗਾਤਰਿਆਂ ਦਾ ਭੀ ਇਕ ਹੀ ਰੰਗ ਹੋਵੇ, ਨਹੀਂ ਤਾ ਇਕ ਰੂਪ ਦੇ ਦੀਦਾਰੇ ਵਿਚ ਕੁਝ ਫ਼ਰਕ ਦਿਸੇਗਾ।

੫. ਅੰਮ੍ਰਿਤ-ਸਿੰਚਾਰ ਸੰਬੰਧਤ ਸ੍ਰੀ ਅਖੰਡ ਪਾਠ ਵਿਚ ਜੋ ਸਿੰਘ ਹਿੱਸਾ ਲੈਣ, ਉਨ੍ਹਾਂ ਵਿਚੋਂ ਹੀ ਪੰਜ ਸਿੰਘ ਅਤੇ ਗਰੰਥੀ ਸਾਹਿਬ ਪੰਚਮ ਦੀ ਸੇਵਾ ਵਾਸਤੇ ਚੁਣੇ ਜਾਣ। ਇਹ ਪਾਠੀ ਸਿੰਘ ਸਾਰੇ ਅਖੰਡ ਪਾਠ ਦੀਆਂ ਹਾਜ਼ਰੀਆਂ ਭਰਨ, ਜ਼ਿਆਦਾ ਤੋਂ ਜ਼ਿਆਦਾ ਪਾਠ ਕਰਨ ਤੇ ਸੁਨਣ। ਪਾਠੀਆਂ ਵਿਚੋਂ ਕੋਈ ਭੀ ਸਿੰਘ ਤਨਖਾਹੀਆ ਨਾ ਹੋਵੇ। ਇਨ੍ਹਾਂ ਪਾਠੀਆਂ ਨੂੰ ਪੰਜੇ ਬਾਣੀਆਂ ਰਹਿਰਾਸ ਤੇ ਕੀਰਤਨ ਸੋਹਲੇ ਦੇ ਪਾਠ ਜ਼ਬਾਨੀ ਕੰਠ ਹੋਵਣ ਅਤੇ ਪੂਰੇ ਨਿਤਨੇਮੀ ਹੋਵਣ। ਸਵਾ ਪਹਿਰ ਰਾਤ ਰਹਿੰਦੀ ਦੇ ਤੜਕ-ਇਸ਼ਨਾਨੀ ਅਤੇ ਨਿਤਾ ਪ੍ਰਤੀ ਅੰਮ੍ਰਿਤ ਵੇਲੇ ਦੀ ਸੰਭਾਲ ਕਰਨ ਵਾਲੇ ਹੋਵਣ।

੬. ਨਾਮ ਦ੍ਰਿੜ ਕਰਾਉਣ ਵਾਸਤੇ ਜੋ ਸਿੰਘ-ਸਿੰਘਣੀਆਂ ਅੰਦਰ ਆਵਣ ਉਨ੍ਹਾਂ ਦੀ ਪੰਜਾਂ ਪਾਸੋਂ ਸੋਧ ਸੁਧਾਈ ਹੋਕੇ ਪਰਵਾਨਗੀ ਮਿਲੀ ਹੋਣੀ ਚਾਹੀਦੀ ਹੈ। ਕਿਸੇਪਹਿਲੂ ਤੋਂ ਵੀ ਢਿਲਤਾ ਦੀ ਗੁੰਜਾਇਸ਼ ਨਹੀਂ ਹੋਣੀ ਚਾਹੀਏ।

੭. ਜੋ ਸਿੰਘ ਪੇਸ਼ਕਾਰ ਜਾਂ ਪਹਿਰੇਦਾਰ ਦੀ ਸੇਵਾ ਲਈ ਨੀਯਤ ਹੋਵੇ ਉਸਦੀ ਵੀ ਪੰਚਾਂ ਸਾਹਮਣੇ ਸੋਧਾ ਸੁਧਾਈ ਹੋਈ ਹੋਵੇ।

ਆਸ ਹੈ ਕਿ ਅੰਮ੍ਰਿਤ-ਸਿੰਚਾਰ ਸਮੇਂ ਅਜਿਹੀਆਂ ਵੀਚਾਰਾਂ ਨੂੰ ਧਿਆਨ ਵਿਚ ਰਖਿਆ ਜ਼ਾਵੇਗਾ।

---

## ਬਟਾਲਾ ਵਿਖੇ ਸਾਲਾਨਾ ਕੀਰਤਨ ਸਮਾਗਮ

੮ ਸਤੰਬਰ ਸੋਮਵਾਰ ਸਵੇਰ ਤੋਂ ੧੧ ਸਤੰਬਰ ਵੀਰਵਾਰ ਸਵੇਰ ਤਕ ਹੋ ਰਹੇ ਹਨ। ਅੰਮ੍ਰਿਤ-ਅਭਿਲਾਖੀ ਸਜਣ ੧੦ ਸਤੰਬਰ ਬਾਅਦ ਦੁਪਹਿਰ ਤਕ ਪੁਜ ਜਾਣ। ਪੂਰਾ ਪਰੋਗਰਾਮ ਅਗਸਤ ਦੇ ਪਰਚੇ ਵਿਚ ਦਿਤਾ ਜਾ ਚੁਕਾ ਹੈ।

---

## ਜੋੜੀ-ਵਜੰਤਰੀ ਦੀ ਲੋੜ ਹੈ

ਬਾਲ-ਬੱਚੇਦਾਰ, ਅਖੰਡ ਪਾਠੀ, ਗੁਰਸਿਖ ਜੋੜੀ ਵਜਾਉਣ ਵਾਲੇ ਦੀ ਲੋੜ ਹੈ।
ਚਿਠੀ ਪੱਤਰ ਲਈ ਪਤਾ—ਸਕੱਤਰ, ਸ੍ਰੀ ਗੁਰੂ ਨਾਨਕ ਸਿੰਘ ਸਭਾ, ਪੰਜਾਬੀ ਕਾਲੋਨੀ, ਮੈਨਪੁਰੀ (ਯੂ. ਪੀ.)

## ਦਿਆਲਪੁਰ ਜੀ. ਟੀ. ਰੋਡ (ਜ਼ਿਲਾ ਕਪੂਰਥਲਾ) ਵਿਖੇ ਕੀਰਤਨ ਸਮਾਗਮ ੨੩-੧੦-੭੫ ਤੋਂ ੨੬-੧੦-੭੫ ਤਕ ਹੋਣਗੇ



www.AKJ.Org

# ਮਾਈ ਵਿਰਾਈ ਜੀ

[ਵਲੋਂ—ਸ: ਵਰਿਆਮ ਸਿੰਘ ਜੀ, ਗਾਂਧੀ ਨਗਰ, ਦਿਲੀ]

ਧੰਨ ਮਾਈ ਵਿਰਾਈ ਜੀ ! ਆਪ ਨੇ ਜੋ ਸਿਖੀ ਸਿਦਕ ਦੇ ਅਨੋਖੇ ਪੂਰਨੇ ਪਾਏ, ਉਨ੍ਹਾਂ ਨੂੰ ਯਾਦ ਕੀਤਿਆਂ ਹੀ ਮਨ ਉਛਾਲੇ ਖਾਣ ਲਗ ਪੈਂਦਾ ਹੈ। ਆਪ ਨੇ ਗੁਰੂ ਨਾਨਕ ਦੇਵ ਜੀ ਤੇ ਗੁਰੂ ਅੰਗਦ ਦੇਵ ਜੀ ਦੀਆਂ ਅਨੇਕਾਂ ਖੁਸ਼ੀਆਂ ਪਰਾਪਤ ਕੀਤੀਆਂ ਅਤੇ ਬ੍ਰਹਮਗਿਆਨਤਾ ਦੀ ਅਵਸਥਾ ਤੇ ਖੇਲਦੇ ਰਹੇ। ਗੁਰਸਿੱਖਾਂ ਵਿਚ ਆਪ ਦਾ ਸਤਕਾਰ ਹਦੋਂ ਵਧ ਸੀ। ਪੁਰਾਤਨ ਤੇ ਅੱਜ ਕਲ ਦੇ ਇਤਿਹਾਸਕਾਰਾਂ ਨੇ ਆਪ ਨੂੰ ਬਹੁਤ ਸਨਮਾਨਿਆ ਹੈ। ਫਿਰ ਆਪ ਦੇ ਕਈ ਨਾਂ ਰਖੇ ਗਏ ਹਨ। ਜਿਵੇਂ— ਵਿਰਾਈ, ਸੁਮਰਾਈ, ਭਿਰਾਈ, ਫਿਰਾਈ, ਧਭਰਾਈ, ਵੀਰਾਂਬਾਈ, ਸਤ-ਭਿਰਾਈ, ਅਤੇ ਨਿਹਾਲੀ। ਪਰ ਅਸੀਂ ਇਥੇ ਆਪ ਨੂੰ ਭਾਈ ਵੀਰ ਸਿੰਘ ਦੀ ਲਿਖਤ ਅਨੁਸਾਰ ਮਾਈ ਵਿਰਾਈ ਦੇ ਨਾਂ ਨਾਲ ਹੀ ਯਾਦ ਕਰਾਂਗੇ।

ਮਾਈ ਵਿਰਾਈ ਦਾ ਜਨਮ ਚੋਧਰੀ ਤਖ਼ਤ ਮਲ ਦੇ ਘਰ ਮਾਲਵੇ ਦੇ ਇਕ ਪਿੰਡ 'ਮਤੇ ਦੀ ਸਰਾਂ' ਵਿਚ ਹੋਇਆ। ਮਤੇ ਦੀ ਸਰਾਂ ਨੂੰ ਅੱਜ ਕਲ 'ਨਾਂਗੇ ਦੀ ਸਰਾਂ' ਕਹਿੰਦੇ ਹਨ। ਇਹ ਮੁਕਤਸਰ ਤੋਂ ਉਤਰ-ਪੂਰਬ ਵਾਲੇ ਪਾਸੇ ਕੋਈ ਪੰਜ ਕੁ ਕੋਹਾਂ ਦੇ ਫਾਸਲੇ ਤੇ ਹੈ। ਚੋਧਰੀ ਤਖਤ ਮਲ ਇਥੋਂ ਦਾ ਅਤੇ ਆਲੇ ਦੁਆਲੇ ਦੇ ਹੋਰ ਕਈਆਂ ਪਿੰਡਾਂ ਦਾ ਚੋਧਰੀ ਸੀ। ਇਸ ਚੋਧਰੀ ਦੇ ਘਰ ਪਹਿਲਾਂ ਸਤ ਬੇਟੇ ਪੈਦਾਹੋਏ ਸਨ ਅਤੇ ਮਾਤਾ ਵਿਰਾਈ ਜੀ ਸਭ ਤੋਂ ਬਾਅਦ ਵਿਚ ਜਨਮੇ ਸਨ। ਇਹੋ ਕਾਰਨ ਹੈ ਕਿ ਆਪ ਲਈ ਕਈ ਥਾਈਂ ਵੀਰਾਂਬਾਈ ਜਾਂ ਸਤਭਰਾਈ ਵੀ ਲਿਖਿਆ ਮਿਲਦਾ ਹੈ।

ਚੋਧਰੀ ਤਖ਼ਤ ਮਲ ਦੇ ਪਾਸ, ਇਕ ਬਹੁਤ ਸ਼ਰੀਫ਼ ਤੇ ਇਮਾਨਦਾਰ ਆਦਮੀ ਮੁਨਸ਼ੀ ਦੀ ਪਦਵੀ ਤੇ ਨਿਯੁਕਤ ਸਨ। ਉਹ ਸਨ ਬਾਬਾ ਫੇਰੂ ਮਲ ਜੀ। ਬਾਬਾ ਫੇਰੂ ਮਲ ਅਤੇ ਮਾਈ ਵਿਰਾਈ ਜੀ ਇਕ ਦੂਜੇ ਨੂੰ ਸੱਕੇ ਭੈਣ ਭਰਾਵਾਂ ਦੀ ਤਰ੍ਹਾਂ ਪਿਆਰਦੇ ਅਤੇ ਸਤਕਾਰਦੇ ਸਨ। ਇਹੋ ਕਾਰਨ ਸੀ ਕਿ ਬਾਬਾ ਫੇਰੂ ਮਲ ਜੀ ਦੇ ਘਰ ਜਦੋਂ ਭਾਈ ਲਹਿਣਾ ਜੀ ਜਨਮੇ ਤਾਂ ਉਹ ਮਾਈ ਵਿਰਾਈ ਜੀ ਨੂੰ 'ਭੂਆ ਜੀ' ਕਹਿ ਕੇ ਬੁਲਾਉਂਦੇ ਸਨ। ਮਾਈ ਵਿਰਾਈ ਜੀ ਵੀ ਇਸ ਹੋਣਹਾਰ ਬਾਲਕੇ ਨੂੰ ਦੇਖ ਕੇ ਬਹੁਤ ਖ਼ੁਸ਼ ਹੋਇਆ ਕਰਦੇ ਸਨ।

ਮਾਈ ਵਿਰਾਈ ਜੀ ਦਾ ਜੋ ਸੁੰਦਰ ਸੁਭਾ ਸੀ ਅਤੇ ਜੋ ਅਨੇਕਾਂ ਗੁਣਾਂ ਦੇ ਮਾਲਕ ਸਨ, ਉਸ ਬਾਰੇ ਭਾਈ ਵੀਰ ਸਿੰਘ ਇਸ ਤਰ੍ਹਾਂ ਲਿਖਦੇ ਹਨ ਕਿ ਵਿਰਾਈ ਬੜੇ ਠਹਿਰੇ ਹੋਏ ਸੁਭਾਉ ਦੀ ਸੀ, ਅਕਲ ਦਾ ਕੋਟ ਸੀ, ਸ਼ਰਮ ਦੀ ਮੂਰਤ ਸੀ, ਖਿੜੇ ਮਥੇ ਹਸੂੰ ਹਸੂੰ ਕਰਦੀ, ਹੱਥ ਦੀ ਖੁਲ੍ਹੀ ਦਾਤੀ, ਇਨ੍ਹਾਂ ਗੁਣਾਂ ਕਰਕੇ ਐਸੀ ਪਿਆਰੀ ਹੋਈ ਪਿਉ ਦੀ, ਕਿ ਡਾਢੀ ਲਾਡਲੀ ਹੋ ਗਈ। ਤਖ਼ਤ ਮਲ ਨੂੰ ਜੋ ਕੁਛ ਵਿਰਾਈ ਆਖੇ ਓਹ ਅਗੋਂ ਮੋੜ ਨਹੀਂ ਸੀ ਕਰਦਾ।

[ਅਸ਼ਟ ਗੁਰ ਚਮਤਕਾਰ ੧, ਪੰਨਾ ੨੬

ਮਾਈ ਵਿਰਾਈ ਜੀ ਜਦੋਂ ਜਵਾਨ ਹੋਏ ਤਾਂ ਆਪ ਦਾ ਵਿਆਹ, ਪਿੰਡ ਖਡੂਰ (ਜ਼ਿਲਾ ਅੰਮ੍ਰਿਤਸਰ) ਦੇ ਵਸਨੀਕ ਚੋਧਰੀ ਮਹਿਮਾ ਜੀ ਨਾਲ ਕਰ ਦਿੱਤਾ ਗਿਆ। ਇਸ ਤਰ੍ਹਾਂ ਮਾਈ ਜੀ ਸਹੁਰੇ ਜਾ ਪੁਜੇ। ਉਥੇ ਰਹਿੰਦਿਆਂ ਆਪ ਦੇ ਜੀਵਨ ਵਿਚ ਮਹਾਨ ਪਲਟਾ ਆਇਆ। ਆਪ ਦੀ ਕਾਇਆਂ ਬਦਲ ਗਈ। ਇਹ ਸਭ ਕਿਸ ਤਰ੍ਹਾਂ ਹੋਇਆ ? ਗੁਰੂ ਨਾਨਕ ਦੇਵ ਜੀ ਨੇ (ਭਾਈ ਮਰਦਾਨਾ ਜੀ ਸਮੇਤ ਜਦੋਂ ਸੁਲਤਾਨਪੁਰੋਂ ਪਹਿਲੀ ਉਦਾਸੀ ਦਾ ਅਰੰਭ ਕੀਤਾ ਤਾਂ ਉਨ੍ਹਾਂ ਦਾ ਰੁਖ ਐਮਨਾਬਾਦ (ਭਾਈ ਲਾਲੋ ਜੀ) ਵਲ ਸੀ। ਰਸਤੇ ਵਿਚ ਗੁਰੂ ਸਾਹਿਬ ਨੇ ਖਡੂਰ ਸਾਹਿਬ ਤੋਂ ਬਾਹਰਵਾਰ ਇਕ ਥਾਂ ਬਿਸ੍ਰਾਮ ਕੀਤਾ। ਭਾਈ ਮਰਦਾਨਾ ਜੀ ਨੇ ਇਲਾਹੀ ਧੁਨਾਂ ਛੇੜ ਦਿਤੀਆਂ— ।

ਵਣਜੁ ਕਰਹੁ ਵਣਜਾਰਿਹੋ, ਵਖਰੁ ਲੇਹੁ ਸਮਾਲਿ ॥
ਤੈਸੀ ਵਸਤੁ ਵਿਸਾਹੀਐ, ਜੈਸੀ ਨਿਬਹੈ ਨਾਲਿ ।

[ਸਿਰੀ ਰਾਗੁ ਮਹਲਾ੧, ਪੰਨਾ ੨੨



www.AKJ.Org

ਕੁਦਰਤੀ ਉਸ ਦਿਨ ਮਾਈ ਵਿਰਾਈ ਜੀ ਉਧਰੋਂ ਆ ਨਿਕਲੇ। ਕੀਰਤਨ ਦੀ ਆਵਾਜ਼ ਕੰਨੀਂ ਪਈ। ਮਨ ਨੇ ਖਿਚ ਖਾਧੀ। ਬੜੀ ਮਿਠੀ ਤੇ ਪਿਆਰੀ ਆਵਾਜ਼। ਮਤਲਬ ਵੀ ਸਮਝ ਪੈਣ ਲਗ ਪਿਆ। ਪਾਸ ਆ ਗਏ। ਜਦੋਂ ਚਰਨਾਂ ਤੇ ਸਿਰ ਰਖਿਓਸੁ ਤਾਂ ਅਚਰਜ ਸਵਾਦ ਆਇਆ। ਗੁਰੂ ਸਾਹਿਬ ਮਿਹਰਾਂ ਦੇ ਘਰ ਆਏ ਅਤੇ ਮਾਈ ਵਿਰਾਈ ਜੀਨੂੰ ਅਸੀਸ ਦਿੱਤੀ— 'ਉਠੋ ਬੇਟਾ ! ਨਾਮ ਜਪੋ।' ਇਹ ਸੁਣ ਕੇ ਮਾਈ ਵਿਰਾਈ ਜੀ ਦਾ ਰੋਮ ਰੋਮ ਠਰ ਗਿਆ ਅਤੇ ਵਿਸਮਾਦੀ ਰੰਗਾਂ ਵਿਚ ਹੀ ਵਾਪਸ ਘਰ ਆ ਗਏ।

ਹੁਣ ਵਰਾਈ ਜੀ ਨੇ ਪਤੀ ਜੀ ਨੂੰ ਵੀ ਨਾਲ ਲਿਆ ਅਤੇ ਗੁਰੂ ਸਾਹਿਬ ਪਾਸੋਂ ਚਰਨ-ਪਾਹੁਲ ਲੈ ਕੇ ਸਿੱਖ ਸਜ ਗਏ।

ਗੁਰੂ ਸਾਹਿਬ ਨੇ ਤਾਂ ਐਮਨਾਬਾਦ ਵਲ ਰੁਖ਼ ਕੀਤਾ ਅਤੇ ਮਾਈ ਵਿਰਾਈ ਤੇ ਭਾਈ ਮਹਿਮਾ ਜੀ, ਸਦਾ ਲਈ ਨਾਮ ਜਪਣ ਵਿਚ ਜੁਟ ਗਏ। ਵਾਹਿ-ਗੁਰੂ ਵਾਹਿਗੁਰੂ ਕਰਦੇ ਹੋਏ ਉਨ੍ਹਾਂ ਦੀ ਆਤਮਾ ਬਲਵਾਨ ਹੁੰਦੀ ਗਈ। ਇਸ ਤਰ੍ਹਾਂ ਕਾਫੀ ਸਮਾਂ ਬੀਤ ਗਿਆ। ਗੁਰੂ ਸਾਹਿਬ ਦੇ ਦਰਸ਼ਨਾਂ ਲਈ ਬੜੀ ਤਾਂਘ ਰਹਿਣ ਲਗ ਪਈ। ਇਕ ਦਿਨ ਪਤਾ ਲਗਿਆ ਕਿ ਕਿ ਗੁਰੂ ਸਾਹਿਬ ਨੇ ਇਕ ਨਵਾਂ ਨਗਰ ਵਸਾਇਆ ਹੈ ਕਰਤਾਰ ਪੁਰ, ਅਤੇ ਉਥੇ ਟਿਕੇ ਹੋਏ ਹਨ। ਦੋਵੇਂ ਜੀਅ ਓਥੇ ਪੁਜੇ। ਦਰਸ਼ਨ ਕਰ ਕੇ ਖ਼ੁਸ਼ੀ ਵਿਚ ਫੂਲੇ ਨਾ ਸਮਾਏ। ਉਸ ਤੋਂ ਬਾਅਦ ਜਦੋਂ ਵੀ ਗੁਰੂ ਸਾਹਿਬ ਦੇ ਦਰਸ਼ਨਾਂ ਲਈ ਮਨ ਵਿਚ ਉਛਾਲ ਪੈਦਾ ਹੁੰਦਾ ਤਾਂ ਕਰਤਾਰਪੁਰ ਪੁਜਦੇ ਅਤੇ ਦਰਸ਼ਨ ਕਰਕੇ ਨਿਹਾਲ ਹੁੰਦੇ।

ਪਿਛੇ ਜ਼ਿਕਰ ਆਇਆ ਹੈ ਕਿ ਬਾਬਾ ਫੇਰੂ ਮਲ ਜੀ, ਚੌਧਰੀ ਤਖਤ ਮਲ ਪਾਸ ਮੁਨਸ਼ੀ ਲਗੇ ਹੋਏ ਸਨ। ਇਕ ਦਿਨ ਰੱਬ ਦੀ ਐਸੀ ਨੇਤ ਹੋਈ ਕਿ ਆਪ ਚੌਧਰੀ ਤਖ਼ਤ ਮਲ ਦੇ ਗੁਸੇ ਹੇਠ ਆ ਗਏ। ਆਪ ਦੇ ਹਿਸਾਬ ਕਿਤਾਬ ਵਿਚ ਹਜ਼ਾਰਾਂ ਰੁਪਇਆਂ ਦਾ ਫ਼ਰਕ ਪੈ ਗਿਆ। ਪਤਾ ਨਹੀਂ ਫ਼ਰਕ ਇਹ ਕਿਵੇਂ ਪਿਆ, ਕੁਝ ਸਮਝ ਨਾ ਆਈ। ਚੋਧਰੀ ਜੀ ਨੇ ਆਪ ਨੂੰ ਇਕ ਭੋਰੇ ਵਿਚ ਬੰਦ ਕਰ ਦਿੱਤਾ। ਭਾਈ ਲਹਿਣਾ ਜੀ ਆਪਣੇ ਪਿਤਾ ਦੀ ਹੁੰਦੀ ਨਰਾਦਰੀ ਬਰਦਾਸ਼ਤ ਨਾ ਕਰ ਸਕੇ। ਉਨ੍ਹਾਂ ਦੀ ਉਮਰ ਉਸ ਸਮੇਂ ਕੋਈ ੧੫ ਕੁ ਸਾਲ ਸੀ। ਇਸ ਘਟਨਾ ਤੋਂ ਕੋਈ ਦੋ ਮਹੀਨੇ ਪਹਿਲੇ ਉਨ੍ਹਾਂ ਦਾ ਵਿਆਹ, ਖਡੂਰ ਸਾਹਿਬ ਦੇ ਲਾਗੇ, ਸੰਘਰ ਪਿੰਡ ਵਿਚ ਮਾਤਾ ਖੀਵੀ ਨਾਲ ਹੋ ਚੁਕਾ ਸੀ। ਇਸ ਸਮੇਂ ਉਨ੍ਹਾਂ ਨੂੰ ਹੋਰ ਤਾਂ ਕੁਝ ਸੁਝਾ ਨਾ, ਤੇ ਫ਼ੋਰਨ ਖਡੂਰ ਸਾਹਿਬ ਆ ਗਏ ਅਤੇ ਭੂਆ ਮਾਈ ਵਿਰਾਈ ਜੀ ਨੂੰ ਸਾਰਾ ਮਾਜਰਾ ਸੁਣਾਇਆ। ਸ੍ਰੀ ਰਾਜੇਸ਼ ਸ਼ਰਮਾ ਜੀ ਲਿਖਦੇ ਹਨ ਕਿ ਸੁਨ ਕਰ ਬੀਬੀ ਸੁਰਮਾਈ ਜੈਸੇ ਸਤਬਧ ਰਹਿ ਗਈ। ਕੁਛ ਕਸ਼ਣ (ਖਿਨ) ਕੇ ਮੌਨ ਕੇ ਬਾਅਦ ਧੀਰੇ ਬੋਲੀ, "ਫੇਰੂ ਮਲ ਜੀ ਕਾ ਨਾਮ ਤੋ ਐਸਾ ਹੈ ਕਿ ਸੁਬਾ ਲੋ ਔਰ ਤਰ ਜਾਓ। ਉਨਕੇ ਸਾਥ ਬਾਪੂ ਜੀ ਨੇ ਯਹ ਬਹੁਤ ਬੁਰਾ ਕਿਯਾ।"

(ਗੁਰੂ ਅੰਗਦ ਦੇਵ, 'ਹਿੰਦੀ' ਪੰਨਾ ੨੨)

ਭਾਈ ਲਹਿਣਾ ਜੀ ਨੇ ਬੇਨਤੀ ਕੀਤੀ—ਭੂਆ ਜੀ! ਜਿਵੇਂ ਵੀ ਹੋ ਸਕੇ, ਪਿਤਾ ਜੀ ਨੂੰ ਛੁਡਾਓ।

ਮਾਈ ਵਿਰਾਈ—ਕਾਕਾ! ਮੈਂ ਜਾਣਦੀ ਹਾਂ, ਕਿ ਮੇਰਾ ਵੀਰ ਬੇਕਸੂਰ ਹੈ। ਉਸ ਦੇ ਮਨ ਵਿਚ ਕੋਈ ਪਾਪ ਨਹੀਂ। ਜੇ ਮੈਂ ਆਪਣੀ ਸਿਫ਼ਾਰਸ਼ ਨਾਲ ਉਸਨੂੰ ਛੁਡਾ ਲਿਆ ਤਾਂ ਬਦਨਾਮੀ ਦਾ ਦਾਗ, ਜੋ ਉਸ ਦੇ ਮਥੇ ਤੇ ਲਗ ਚੁਕਾ ਹੈ, ਉਹ ਤਾ ਨਾ ਲਥਾ। ਮੈਂ ਚਾਹੁੰਦੀ ਹਾਂ ਕਿ ਵੀਰ ਵੀ ਛੁਟ ਜਾਏ ਅਤੇ ਬਦਨਾਮੀ ਦਾ ਕੋਈ ਦਾਗ ਵੀ ਨ ਰਹੇ।

ਭਾਈ ਲਹਿਣਾ—ਭੂਆ ਜੀ! ਫਿਰ ਕਰੋ ਨ ਕੋਈ ਉਪਾਓ। ਤੁਹਾਡੇ ਸਿਵਾ ਮੈਂ ਕਿਥੇ ਜਾਵਾਂ?

ਮਾਈ ਵਿਰਾਈ ਇਥੇ ਕੁਦਰਤੀ ਗੁਰੂ ਨਾਨਕ ਦੇਵ

---

*ਗੁਰੂ ਨਾਨਕ ਦੇਵ ਜੀ। ਕਈ ਵਾਰੀ, ਸਿੱਖੀ ਦੇ ਪਰਚਾਰ ਲਈ, ਖਡੂਰ ਸਾਹਿਬ ਫ਼ੇਰਾ ਮਾਰਿਆ ਕਰਦੇ ਸਨ। ਮਾਈ ਵਿਰਾਈ ਅਤੇ ਹੋਰ ਅਨੇਕਾਂ ਨੂੰ ਦਰਸ਼ਨ ਦੇ ਕੇ ਨਿਹਾਲ ਕਰਦੇ ਸਨ। ਇਨ੍ਹਾਂ ਦਿਨਾਂ ਵਿਚ ਵੀ ਗੁਰੂ ਸਾਹਿਬ ਖਡੂਰ ਸਾਹਿਬ ਠਹਿਰੇ ਹੋਏ ਸਨ।



www.AKJ.Org

ਜੀ ਆਏ ਹੋਏ ਹਨ ਜੋ ਮਹਾਨ ਸ਼ਕਤੀਆਂ ਦੇ ਮਾਲਕ ਹਨ ਤੇ ਉਸ ਖੂਹ ਤੇ ਠਹਿਰੇ ਹੋਏ ਹਨ। ਚਲ! ਉਨ੍ਹਾਂ ਪਾਸੋਂ ਤੈਨੂੰ ਅਸ਼ੀਰਵਾਦ ਲੈ ਦਿਆਂ। ਉਹ ਜੋ ਕਹਿਣਗੇ ਪੂਰਾ ਹੋ ਜਾਏਗਾ। ਸਮਝ ਲੈ! ਤੇਰੇ ਪਿਤਾ ਦਾ ਕੋਈ ਕੁਛ ਨਹੀਂ ਵਿਗਾੜ ਸਕੇਗਾ।

ਭਾਈ ਲਹਿਣਾ ਜੀ—ਚੰਗਾ ਭੂਆ ਜੀ! ਜਿਵੇਂ ਤੁਹਾਨੂੰ ਠੀਕ ਲਗੇ।

ਹੁਣ ਮਾਈ ਵਿਰਾਈ ਜੀ, ਭਾਈ ਲਹਿਣਾ ਜੀ ਨੂੰ ਨਾਲ ਲੈ ਕੇ ਗੁਰੂ ਨਾਨਕ ਸਾਹਿਬ ਦੇ ਚਰਨਾਂ ਵਿਚ ਪੁਜੇ ਅਤੇ ਸਾਰਾ ਬ੍ਰਿਤਾਂਤ ਸੁਣਾਇਆ। ਗੁਰੂ ਸਾਹਿਬ ਤਾਂ ਭਾਈ ਲਹਿਣਾ ਜੀ ਨੂੰ ਦੇਖ ਕੇ ਮੁਸਕਰਾ ਰਹੇ ਸਨ। ਇਸ ਮੁਸਕਰਾਟ ਵਿਚ ਕੀ ਭੇਦ ਛੁਪਿਆ ਹੋਇਆ ਸੀ? ਅੰਤਰਜਾਮੀ ਗੁਰੂ ਜਾਣਦੇ ਜੁ ਸਨ ਕਿ ਇਹ ਸਾਡੀ ਗੱਦੀ ਦਾ ਮਾਲਕ ਬਣੇਗਾ। ਉਹਨਾਂ ਨੇ ਭਾਈ ਲਹਿਣਾ ਜੀ ਨੂੰ ਕਿਹਾ—'ਪੁਰਖਾ! ਤੇਰਾ ਪਿਤਾ ਨਿਰਦੋਸ਼ ਹੈ। ਤੂੰ ਹਿਸਾਬ ਕਿਤਾਬ ਦੀ ਪੜਤਾਲ ਖ਼ੁਦ ਕਰ, ਜੋ ਵਿਚ ਹਜ਼ਾਰਾਂ ਰੁਪਈਆਂ ਦਾ ਫ਼ਰਕ ਪਿਆ ਹੈ, ਨਿਕਲ ਜਾਏਗਾ। ਐਵੇਂ ਕਿਸੇ ਦੀ ਸ਼ਰਾਰਤ ਨਾਲ ਕੰਮ ਵਿਗੜਿਆ ਹੈ। ਜਾ! ਆਪਣੇ ਪਿਤਾ ਨੂੰ ਛੁਡਾ।'

ਭਾਈ ਲਹਿਣਾ ਜੀ ਨੇ ਗੁਰੂ ਸਾਹਿਬ ਦੇ ਚਰਨਾਂ ਤੇ ਮਥਾ ਟੇਕਿਆ ਅਤੇ ਮਾਈ ਵਿਰਾਈ ਸਣੇ ਛੇਤੀ ਨਾਲ ਵਾਪਸ ਹੋ ਪਏ। ਕਿਉਂਕਿ ਮਨ ਵਿਚ ਪਿਤਾ ਨੂੰ ਛੁਡਾਉਣ ਦੀ ਤੀਬਰ ਇਛਾ ਸੀ। ਭਾਈ ਵੀਰ ਸਿੰਘ ਜੀ ਲਿਖਦੇ ਹਨ ਕਿ ਉਸ ਛੋਟੀ ਉਮਰੇ (ਭਾਈ ਲਹਿਣਾ ਜੀ ਨੂੰ) ਦਰਸ਼ਨ ਤਾਂ ਹੋਏ ਪਰ ਉਹ ਸਨ ਸੰਸਾਰਕ ਪੀੜਾ ਹਰਨ ਲਈ। ਉਸ ਵੇਲੇ ਮੁਖ ਗੱਲ ਸੀ ਪਿਤਾ ਦੀ ਖ਼ਲਾਸੀ। ਦਿਲ ਵਿਚ ਪੀੜ ਦੀ ਝਰਨਾਟ ਸੀ ਤੇ ਉਸ ਦੀ ਨਵਿਰਤੀ ਵਿਚ ਸੀ ਮਨ ਸਾਰਾ ਗ਼ਲਤਾਨ। ਵਰ ਲੈ ਕੇ ਕੁਮਾਰ ਲਹਿਣਾ ਜੀ ਕਾਹਲੀ ਵਿਚ ਟੁਰ ਗਏ ਸਨ। ਤਦੋਂ ਰੁਖ਼ ਤ੍ਰਿਖਾ ਹੋ ਕੇ ਗੁਰੂ-ਪਿਆਰ ਵਲ ਨਾ ਪਿਆ। ਦਾਤ ਹੀ ਲੈ ਕੇ ਉਡ ਗਿਆ, ਪੰਛੀ ਦਾਤੇ ਦੀ ਸੁੰਦਰਤਾ ਤੇ ਖ਼ੁਸ਼ਬੂ ਵਲ ਨਾ ਪਿਆ। ਉਂਜ ਕਰਨਾ ਸੀ ਕਰਤਾਰ ਦਾ। ਗੁਰੂ ਨਾਨਕ ਵੀ ਗੁਰੂ ਤੇ ਗੁਰੂ ਅੰਗਦ ਵੀ ਗੁਰੂ, ਦੋਹਾਂ ਦਾ ਖੇਲ ਰਚਾਇਆ ਸੀ ਕਰਤਾ ਪੁਰਖ ਨੇ, ਇਕ ਦਾ ਗੁਰੂ ਦਾ, ਇਕ ਸਿੱਖ ਦਾ। ਸੋ ਗੁਰੂ ਨੇ ਗੁਰੂ ਦਾ ਨਾਟ ਪੂਰਾ ਕਰਨਾ ਸੀ। ਗਿਆਨ ਦਾ ਸੂਰਜ ਹੋ ਕੇ, ਸਿਖ ਨੇ ਸਿਖ ਦਾ ਨਾਟ ਪੂਰਾ ਕਰਨਾ ਸੀ। ਪਹਿਲੋਂ ਕਿਸੇ ਹਨੇਰੇ ਵਿਚਰਹਿ ਕੇ, ਫੇਰ ਚਾਨਣ ਗ੍ਰਹਿਣ ਕਰ ਕੇ ਤੇ ਫਿਰ ਆਪ ਪ੍ਰਕਾਸ਼ ਦਾਤਾ ਹੋ ਕੇ। ਸੋ ਲਹਿਣਾ ਜੀ ਇਸ ਵੇਲੇ ਅਬੋਲ ਚਲੇ ਗਏ।

[ ਅਸ਼ਟ ਗੁਰ ਚਮਤਕਾਰ ੧, ਪੰਨਾ ੨੯ ]

ਮਾਈ ਵਿਰਾਈ ਨੇ ਆਪਣੇ ਘਰੋਂ ਇਕ ਰੁਕਾ ਲਿਖ ਦਿੱਤਾ, ਜੋ ਭਾਈ ਲਹਿਣਾ ਜੀ ਰਵਾਂ ਰਵੀਂ ਲੈ ਕੇ 'ਮਤੇ ਦੀ ਸਰਾਂ' ਪੁਜ ਗਏ। ਉਸ ਰੁਕੇ ਵਿਚ ਮਾਈ ਵਿਰਾਈ ਨੇ ਪਿਤਾ ਨੂੰ ਲਿਖਿਆ ਸੀ ਕਿ ਭਾਈ ਲਹਿਣਾ ਜੀ ਨੂੰ ਹਿਸਾਬ ਕਿਤਾਬ ਪੜਤਾਲਣ ਦੀ ਇਜਾਜ਼ਤ ਦਿਉ। ਇਹ ਆਪੇ ਦੇਖੇਗਾ ਕਿ ਮਾਮਲਾ ਕੀ ਹੈ। ਚੌਧਰੀ ਤਖ਼ਤ ਮਲ ਨੇ ਆਪਣੀ ਪੁੱਤਰੀ ਦਾ ਰੁਕਾ ਦੇਖ ਕੇ ਭਾਈ ਲਹਿਣਾ ਜੀ ਨੂੰ ਹਿਸਾਬ ਕਿਤਾਬ ਪੜਤਾਲਣ ਦੀ ਇਜਾਜ਼ਤ ਦੇ ਦਿੱਤੀ। ਹੁਣ ਦੇਖੋ! ਕਰਤਾਰ ਦੇ ਰੰਗ!! ਗੁਰੂ ਨਾਨਕ ਸਾਹਿਬ ਜੀ ਦੀ ਨਿਹਰ ਦਾ ਕ੍ਰਿਸ਼ਮਾ!!! ਭਾਈ ਲਹਿਣਾ ਜੀ ਦੇ ਪੜਤਾਲਣ ਨਾਲ ਬਾਬਾ ਫੇਰੂ ਮਲ ਜੀ ਸਾਫ਼ ਬਰੀ ਹੋ ਗਏ। ਜੋ ਹਜ਼ਾਰਾਂ ਰੁਪਇਆਂ ਦਾ ਫ਼ਰਕ ਪਿਆ ਸੀ, ਠੀਕ ਹੋ ਗਿਆ।

ਸੰਨ ੧੫੩੯ ਈਸਵੀ ਨੂੰ ਗੁਰੂ ਨਾਨਕ ਸਾਹਿਬ ਜੀ ਨੇ ਭਾਈ ਲਹਿਣਾ ਜੀ ਨੂੰ ਗੁਰਿਆਈ-ਤਿਲਕ ਦੇ ਕੇ ਗੁਰੂ ਅੰਗਦ ਦੇਵ ਬਣਾ ਦਿੱਤਾ ਅਤੇ ਫਿਰ ਜੋ ਹੁਕਮ ਦਿੱਤਾ, ਉਸ ਨੂੰ ਬਾਵਾ ਸਰੂਪ ਦਾਸ ਭਲਾ (ਮਹਿਮਾ ਪ੍ਰਕਾਸ਼ ਪੰਨਾ ੩੧੬ ਤੇ) ਇਸ ਤਰ੍ਹਾਂ ਲਿਖਦੇ ਹਨ :—

ਗੁਰੂ ਬਾਬਾ ਜੀ ਆਗਿਆ ਕਰੀ,
ਪੁਰਖਾ ਖਡੂਰ ਤੁਮ ਜਾਇ ॥
ਗ੍ਰਹਿ ਲੋਕ ਬੁਲਾਵੈ ਤਹਾਂ ਰਹੋ,
ਮਮ ਸਮੀਪ ਸੁਖ ਭਾਇ ॥ ੧ ॥
ਮਾਈ ਭਿਰਾਈ ਘਰ ਜਾਉ ਤੁਮ,



www.AKJ.Org

ਤਹਾਂ ਰਹੇ ਸਿੰਘਾਸਨ ਮੋਰ ।
ਜਾਇ ਬਿਰਾਜੋ ਤਹਾਂ ਪਰ,
ਭਈ ਜਗਤ ਗੁਰਾਈ ਤੌਰ ॥੨॥
ਮੈਂ ਭਗਤ ਅਭੇਦ ਤੋ ਕੋ ਦਈ,
ਤੁਮ ਜਾਨਤ ਹੋ ਮਮ ਰੂਪ ।
ਮਮ ਭਗਤ ਭਾਉ ਤਾਂ ਕੇ ਰਿਦੇ,
ਪਰਫੁਲਤ ਸਦਾ ਅਨੂਪ ॥ ੩ ॥

ਗੁਰੂ ਨਾਨਕ ਸਾਹਿਬ ਜੀ ਦੇ ਹੁਕਮ ਮੁਜਬ ਗੁਰੂ ਅੰਗਦ ਦੇਵ ਜੀ, ਖਡੂਰ ਸਾਹਿਬ, ਮਾਈ ਵਿਰਾਈ ਦੇ ਘਰ ਪੁਜ ਗਏ ਅਤੇ ਕਿਹਾ—'ਭੂਆ ਜੀ ! ਅਸਾਂ ਇਕਾਂਤ ਰਹਿ ਕੇ ਅਕਾਲ ਪੁਰਖ ਦੀ ਭਗਤੀ ਕਰਨੀ ਹੈ । ਤੁਸੀਂ ਕਿਸੇ ਨੂੰ ਦਸਣਾ ਨਾ । ਉਸ ਕਮਰੇ ਦਾ ਬੂਹਾ ਢੋਅ ਰਖਣਾ।

ਮਾਈ ਵਿਰਾਈ ਜੀ, ਜਿਨ੍ਹਾਂ ਦੀ ਨਾਮ ਦੀ ਕਮਾਈ ਬਹੁਤ ਜ਼ਿਆਦਾ ਸੀ ਅਤੇ ਬਹੁਤ ਉੱਚੀਆਂ ਉਡਾਰੀਆਂ ਤੇ ਖੇਲਦੇ ਸਨ ਅਤੇ ਜਿਨ੍ਹਾਂ ਨੇ ਅਜ ਆਪਣੀ ਆਤਮਕ ਸ਼ਕਤੀ ਨਾਲ ਜਾਣ ਲਿਆ ਸੀ ਕਿ ਇਹ ਗੁਰੂ ਨਾਨਕ ਸਾਹਿਬ ਜੀ ਦੀ ਗੱਦੀ ਦੇ ਮਾਲਕ ਬਣੇ ਹਨ ਤਾਂ ਸਿਰ ਝੁਕਾ ਦਿਤਾ ਅਤੇ ਸਤਿ ਬਚਨ ਕਹਿ ਕੇ ਉਸ ਕਮਰੇ ਦਾ ਦਰਵਾਜ਼ਾ ਖੋਲ੍ਹ ਦਿੱਤਾ, ਜਿਸ ਵਲ ਗੁਰੂ ਅੰਗਦ ਦੇਵ ਜੀ ਨੇ ਇਸ਼ਾਰਾ ਕੀਤਾ ਸੀ ਅਤੇ ਜਿਥੇ ਅਜੇ ਤਾਈਂ ਗੁਰੂ ਨਾਨਕ ਜੀ ਦਾ ਸਿੰਘਾਸਨ ਪਿਆ ਸੀ । ਗੁਰੂ ਅੰਗਦ ਦੇਵ ਜੀ ਕਮਰੇ ਵਿਚ ਲੰਘ ਕੇ ਉਸ ਸਿੰਘਾਸਨ ਤੇ ਬਿਰਾਜ ਗਏ । ਇਥੇ ਮਾਈ ਦੇ ਘਰ ਹੀ ਗੁਰੂ ਅੰਗਦ ਦੇਵ ਜੀ ਨੂੰ ਅੰਤਰ-ਆਤਮੇ ਪਤਾ ਲਗਿਆ ਸੀ ਕਿ ਗੁਰੂ ਨਾਨਕ ਸਾਹਿਬ ਜੀ ਜੋਤੀ ਜੋਤ ਸਮਾ ਗਏ ਹਨ ਤਾਂ ਇਤਿਹਾਸ ਵਿਚ ਲਿਖਿਆ ਹੈ ਕਿ ਗੁਰਬਾਣੀ ਦਾ ਇਹ ਵਾਕ ਆਪ ਨੇ ਉਸ ਸਮੇਂ ਉਚਾਰਿਆ ਸੀ:—

ਜਿਸੁ ਪਿਆਰੇ ਸਿਉ ਨੇਹੁ, ਤਿਸੁ ਆਗੈ ਮਰਿ ਚਲੀਐ ।
ਧ੍ਰਿਗੁ ਜੀਵਣੁ ਸੰਸਾਰਿ, ਤਾ ਕੈ ਪਾਛੈ ਜੀਵਣਾ ॥੨॥
(ਵਾਰ ਸਿਰੀ ਰਾਗ ਮਹਲਾ ੨, ਪੰਨਾ ੮੩

ਮਾਈ ਵਿਰਾਦੀ ਦੇ ਪਤੀ ਨੂੰ ਗੁਜ਼ਰਿਆਂ ਚਾਹੇ ਦੋ ਸਾਲ ਬੀਤ ਚੁਕੇ ਹਨ, ਚਾਹੇ ਆਪ ਵਾਹਿਗੁਰੂ ਦਾ ਭਾਣਾ ਮਿੱਠਾ ਕਰਕੇ ਮੰਨ ਰਹੇ ਸਨ, ਫਿਰ ਵੀ ਪਤੀ ਨਾਲ ਜੋ ਅਟੁਟ ਪਿਆਰ ਸੀ, ਉਸਦੀ ਯਾਦ ਕਦੀ ਕਦਾਈਂ ਆ ਜਾਂਦੀ ਸੀ ਅਤੇ ਕੁਝ ਵੈਰਾਗੀ ਜਿਹੀ ਹਾਲਤ ਹੋ ਜਾਂਦੀ ਸੀ। ਹੁਣ ਜਦੋਂ ਦਾ ਗੁਰੂ ਅੰਗਦ ਦੇਵ ਜੀ ਨੇ ਆਪ ਦੇ ਘਰ ਡੇਰਾ ਲਗਾਇਆ ਸੀ, ਆਪ ਉਨ੍ਹਾਂ ਦੀ ਸੇਵਾ ਵਿਚ ਇਸ ਤਰ੍ਹਾਂ ਰਚ ਮਿਚ ਗਏ ਸਨ ਕਿ ਕੁਝ ਵੀ ਯਾਦ ਨਹੀਂ ਸੀ ਰਿਹਾ। ਮਾਨੋਂ ! ਸੇਵਾ ਹੀ ਆਪ ਦੇ ਜੀਵਨ ਦਾ ਆਧਾਰ ਬਣ ਗਿਆ ਸੀ । ਆਪ ਨੂੰ ਵਧ ਤੋਂ ਵਧ ਵਾਹਿਗੁਰੂ ਦੀ ਨੇੜਤਾ ਪਰਾਪਤ ਹੋਈ । ਗੁਰੂ ਅੰਗਦ ਦੇਵ ਜੀ ਨੂੰ ਦੇਖ ਕੇ ਆਪਨੂੰ ਇਉਂ ਲਗਦਾ ਸੀ ਕਿ ਸਾਖਯਾਤ ਗੁਰੂ ਨਾਨਕ ਸਾਹਿਬ ਦੇ ਦਰਸ਼ਨ ਹੋ ਰਹੇ ਹਨ ਤੇ ਦਰਸ਼ਨ ਕਰਦੇ ਹੋਏ ਆਪ ਕਦੀ ਰਜਦੇ ਨਹੀਂ ਸਨ ।

ਗੁਰੂ ਨਾਨਕ ਸਾਹਿਬ ਜੀ ਦੇ ਜੋਤੀ ਜੋਤਿ ਸਮਾਉਣ ਤੋਂ ਬਾਅਦ ਪੰਜ ਛੇ ਮਹੀਨੇ ਤਕ ਸੰਗਤਾਂ ਨੂੰ ਪਤਾ ਨਾ ਲਗਿਆ ਕਿ ਗੁਰੂ ਅੰਗਦ ਸਾਹਿਬ ਜੀ ਕਿਥੇ ਹਨ । ਫਿਰ ਇਹ ਪਤਾ ਬਾਬਾ ਬੁੱਢਾ ਜੀ ਦੀ ਸਿਆਣਪ ਨਾਲ ਲਗਿਆ । ਬਾਬਾ ਬੁੱਢਾ ਜੀ ਉੱਚੀ ਤੇ ਸੁਚੀ ਕਰਨੀ ਵਾਲੇ ਗੁਰਸਿਖ ਸਨ । ਆਪ ਸੰਗਤਾਂ ਨੂੰ ਲੈ ਕੇ ਮਾਈ ਵਿਰਾਈ ਦੇ ਘਰ ਪੁਜੇ। ਜਦੋਂ ਗੁਰੂ ਸਾਹਿਬ ਬਾਰੇ ਪੁਛਿਆ ਤਾਂ ਵਿਰਾਈ ਜੀ ਚੁਪ ਹੋ ਗਏ, ਕੋਈ ਜਵਾਬ ਨ ਦੇ ਸਕੇ । ਬਾਬਾ ਬੁੱਢਾ ਜੀ ਸਮਝ ਗਏ ਕਿ ਮਾਈ ਨੂੰ ਕੁਝ ਦਸਣ ਦਾ ਹੁਕਮ ਨਹੀਂ ਹੈ । ਆਪ ਨੇ ਹੁਣ ਬੁਝ ਲਿਆ ਕਿ ਗੁਰੂ ਸਾਹਿਬ ਉਸ ਕਮਰੇ ਵਿਚ ਹਨ । ਜਦੋਂ ਕਮਰੇ ਦਾ ਦਰਵਾਜ਼ਾ ਖੋਲ੍ਹਿਆ ਤਾਂ ਸਚਮੁਚ ਹੀ ਗੁਰੂ ਸਾਹਿਬ ਸਿੰਘਾਸਨ ਤੇ ਬੈਠੇ ਦਿਸੇ। ਇਸ ਤਰ੍ਹਾਂ ਗੁਰੂ ਸਾਹਿਬ ਮਾਈ ਦੇ ਘਰੋਂ ਪ੍ਰਗਟ ਹੋਏ ਅਤੇ ਸੰਗਤਾਂ ਨੂੰ ਖੁਲ੍ਹੇ ਦੀਦਾਰੇ ਦੇਣ ਲਗੇ।

ਗੁਰੂ ਅੰਗਦ ਦੇਵ ਜੀ ਦੇ ਸਮੇਂ ਹੀ ਮਾਈ ਵਿਰਾਈ ਜੀ ਨੇ ਆਪਣੇ ਪ੍ਰਾਣ ਤਿਆਗੇ ਅਤੇ ਅਕਾਲ ਪੁਰਖ ਨਾਲ ਸਦਾ ਲਈ ਅਭੇਦ ਹੋ ਗਏ ।

———



www.AKJ.Org

# ਰੱਬ ਤੇ ਸਿੱਖ ਦੀ ਅਰਦਾਸ

(ਵਲੋਂ ਸ਼ਿਵਨਾਭ ਸਿੰਘ ਜੀ, ਡੇਹਰਾਦੂਨ)

ਅਰਦਾਸ ਨੂੰ ਇਕ ਉੱਘੇ ਲੇਖਕ ਜੈਰੇਮੀ ਟੇਲਰ (Jeremy Tailor) ਨੇ ਆਦਮੀ ਦੀ ਉਹ ਕੋਸ਼ਿਸ਼ ਦਰਸਾਇਆ ਹੈ ਜਿਸ ਦਵਾਰਾ ਉਸ ਦੀ ਆਤਮਾ ਪਰਮਾਤਮਾ ਵਲ ਉਡਾਰੀ ਮਾਰਦੀ ਹੈ। ਇਹ ਉਡਾਰੀ ਰੱਬ ਦੀ ਉਸਤਤੀ ਨਾਲ ਸੰਬੰਧਤ ਹੋਵੇ, ਧੰਨਵਾਦ ਦੀ ਸੂਚਕ ਹੋਵੇ, ਪਛਤਾਵੇ ਜਾਂ ਤੋਬਾ ਦੀ ਪ੍ਰਤੁਤਾ ਕਰੇ, ਵਿਅਕਤੀਗਤ ਲਾਭ ਜਾਂ ਉਮੰਗਾਂ ਦੀ ਪਾਤਰ ਹੋਵੇ ਅਤੇ ਭਾਵੇਂ ਕੋਈ ਹੋਰ ਸੂਰਤ ਧਾਰਨ ਕਰੇ, ਏਹ ਸਭ ਰੂਪ ਅਰਦਾਸ ਦੇ ਘੇਰੇ ਨੂੰ ਸੁਸ਼ੋਭਤ ਕਰਦੇ ਹਨ, ਜਿਸ ਰਾਹੀਂ ਪ੍ਰਾਣੀ ਆਤਮਾ ਨੂੰ ਪਰਮਾਤਮਾ ਨਾਲ ਜੋੜਨ ਦਾ ਅਭਿਲਾਸ਼ੀ ਹੁੰਦਾ ਹੈ। ਕੋਈ ਅਨੋਖੀ ਗੱਲ ਨਹੀਂ ਕਿ ਦੁਨੀਆਂ ਦੇ ਬਹੁਤ ਸਾਰੇ ਧਰਮ ਅਰਦਾਸ ਨੂੰ ਸਭ ਤੋਂ ਵਧ ਗੋਰਵ ਜਾਂ ਮਹਾਨਤਾ ਦੇਂਦੇ ਹਨ, ਦ੍ਰਿਸ਼ਟਾਂਤ ਲਈ ਈਸਾਈ ਯਾ ਇਸਲਾਮ ਆਦਿ ਮਜ਼ਬਾਂ ਵਿਚ ਅਰਦਾਸ ਨੂੰ ਹੀ ਮੁੱਢ ਤੋਂ ਅੰਤ ਤਕ ਸਨਮਾਨਿਆ ਗਿਆ ਹੈ।

ਅਰਦਾਸ ਹਮੇਸ਼ਾ ਕਿਸੀ ਦੈਵੀ ਜਾਂ ਅਲੌਕਿਕ ਚਮਤਕਾਰ ਨੂੰ ਸੰਬੋਧਨ ਕਰਦੀ ਹੈ ਜੋ ਪਰਕਿਰਤੀ ਤੋਂ ਪਰੇ ਹੈ ਅਤੇ ਇਨਸਾਨ ਦੀ ਜ਼ਿੰਦਗੀ ਦੇ ਹਰ ਪਹਿਲੂ ਉਪਰ ਵਸੀਕਰਨ ਰਖਦਾ ਹੈ। ਇਹ ਹੈ ਆਸਤਕਤਾ ਯਾ ਖ਼ੁਦਾ ਪ੍ਰਸਤੀ ਦਾ ਅਸਲੀ ਭਾਵ। ਪਰ ਅੱਜ ਕਲ ਦੇ ਨੌਜਵਾਨ ਯਾ ਅਕਲੀ ਬੁਧੀਮਾਨ ਕਈ ਦਫ਼ਾ ਰੱਬ ਦੀ ਹਸਤੀ ਤੋਂ ਹੀ ਮੁਨਕਰ ਹੁੰਦੇ ਹਨ। ਉਹ ਏਸ ਵਿਚਾਰ ਤੋਂ ਨਾਵਾਕਿਫ਼ ਹਨ ਕਿ ਰੱਬ ਦੀ ਹੋਂਦ ਸਾਡੇ ਇੰਦਰਿਆਂ ਦੀ ਅਨੁਭਵ-ਸ਼ੀਲਤਾ ਦੀ ਮਾਪਕ ਸ਼ਕਤੀ ਤੋਂ ਬਾਹਰ ਹੈ। ਰੱਬ ਦਾ ਕੋਈ ਸਾਕਾਰ ਚਿਤਰ ਤਾਂ ਹੈ ਨਹੀਂ ਜੋ ਦਿਸ ਪਵੇ, ਯਾ ਜਿਸ ਦੀ ਧੁਨ ਸਾਡੇ ਕੰਨੀਂ ਅਪੜੇ, ਯਾ ਜਿਸ ਨੂੰ ਅਸੀਂ ਟੋਹ ਸਕੀਏ। ਇਹ ਤਾਂ ਉਹ ਗਿਆਨ ਹੈ ਜੋ ਸਾਈਂ ਜਾਂ ਗੁਰੂ ਦੀ ਮਿਹਰ ਦੁਆਰਾ ਹੀ ਪ੍ਰਾਪਤ ਹੁੰਦਾ ਹੈ। ਮਿਹਰ ਦੇ ਪਾਤਰ ਵਿਰਲੇ ਹੀ ਹੁੰਦੇ ਹਨ।

ਪਰ ਇਹ ਵਿਚਾਰ ਤਾਂ ਮਨ-ਮਤੀਆਂ ਨੂੰ ਨਿਸਚਾ ਨਹੀਂ ਦਿਵਾਂਦੇ। ਉਨ੍ਹਾਂ ਦੇ ਯਕੀਨ ਲਈ ਤਾਂ ਕਿਸੇ ਵਿਗਿਆਨਿਕ ਸਬੂਤ ਦੀ ਮੁਥਾਜੀ ਹੈ ਜੋ ਉਨ੍ਹਾਂ ਦੇ ਸੀਮਤ ਸੂਝ ਬੂਝ ਦੇ ਦਾਇਰੇ ਤੋਂ ਬਾਹਰ ਨਾ ਹੋਵੇ। ਪਰ ਕੀ ਉਹ ਏਸ ਸਬਕ ਨੂੰ ਭੁਲ ਗਏ ਹਨ ਕਿ ਜੋ ਵਿਕਾਰ ਅਜ ਸਾਇੰਸ ਮੰਨਦੀ ਹੈ ਉਹ ਕੁਝ ਚਿਰ ਪਹਿਲੇ ਵਿਗਿਆਨਕ ਯਾ ਅਸੰਭਵ ਸਮਝੇ ਜਾਂਦੇ ਸਨ।

ਸਾਡੀ ਜੀਉਂਦੀ ਯਾਦ ਵਿਚ ਸਭ ਤੋਂ ਮਹਾਨ ਤੇ ਪ੍ਰਸਿਧ ਫ਼ਿਲਾਸਫ਼ਰ ਯਾ ਵਿਗਿਆਨਕ ਐਲਬਰਟ ਆਈਨ ਸਟਾਈਨ (Albert Eienstien) ਹੋਇਆ ਜਿਸ ਨੇ ਦੁਨੀਆਂ ਨੂੰ ਪਦਾਰਥ (Matter) ਤੇ ਸ਼ਕਤੀ (Energy) ਦੇ ਰਿਸ਼ਤੇ ਨੂੰ ਵਿਸਥਾਰ ਕੇ ਪਰਮਾਣੂ ਕਾਲ (atomic age) ਤਕ ਪਹੁੰਚਾਇਆ ਹੈ। ਉਹ ਲਿਖਦਾ ਹੈ ਕਿ ਯੋਗੀ ਯਾ ਸੂਫ਼ੀ (Mystic) ਪਦਾਰਥ ਵਾਦੀ (Materialist) ਦੇ ਦਰਜੇ ਤੋਂ ਉਪਰ ਹੈ ਤੇ ਸਥੂਲ ਜਾਂ ਸਾਕਾਰ (Physical) ਅਤੇ ਅਧਿਆਤਮਕ (Metaphysical ਵਿਚਾਰਾਂ ਨੂੰ ਪੂਰੀ ਤਰ੍ਹਾਂ ਵਿਰਕਤ ਯਾ ਵਖਰਾ ਕਰਨਾ ਅਸੰਭਵ ਹੈ। ਫਿਰ ਉਹ ਦਸਦਾ ਹੈ ਜੋ ਪ੍ਰਾਣੀ ਕੁਦਰਤ ਦੇ ਗੁਪਤ ਭੇਦਾਂ ਵਲ ਰੁਚੀ ਨਹੀਂ ਰਖਦਾ ਯਾ ਉਨ੍ਹਾਂ ਤੋਂ ਚਕ੍ਰਿਤ ਨਹੀਂ ਹੁੰਦਾ ਉਹ ਤਾਂ ਮਾਨੋਂ ਜ਼ਿੰਦਾ ਹੀ ਨਹੀਂ। ਇਸੇ ਰੁਚੀ ਤੋਂ ਸਾਰੀ ਕਲਾ ਤੇ ਵਿਗਿਆਨ ਦੀ ਉਨਤੀ ਹੋਈ ਹੈ, ਇਸੇ ਰੁਚੀ ਨੇ ਸਾਰੇ ਸਰੇਸ਼ਟ ਧਰਮਾਂ ਨੂੰ ਉਤਪੰਨ ਕੀਤਾ ਹੈ। ਇਨ੍ਹਾਂ ਵਿਚਾਰਾਂ ਮੁਤਾਬਿਕ ਆਈਨ-ਸਟਾਈਨ ਆਪਣੇ ਆਪ ਨੂੰ ਪੂਰਨ ਧਾਰਮਕ ਤੇ ਸ਼ਰਧਾਲੂਆਂ ਦੀ ਗਿਣਤੀ ਵਿਚ ਸ਼ਾਮਲ ਕਰਦਾ ਹੈ। ਅਗਰ ਆਈਨਸਟਾਈਨ ਜਿਹਾ ਫ਼ਿਲਾਸਫ਼ਰ ਤੇ ਵਿਗਿਆਨਕ ਧਰਮ ਦੀ ਸ਼ਕਤੀ ਨੂੰ ਪਰਵਾਨ ਕਰਦਾ ਹੈ ਤਾਂ ਕੀ ਸਾਨੂੰ ਸਾਦਾ ਪਧਰ ਦੇ ਪ੍ਰਾਣੀਆਂ ਨੂੰ ਰਬ ਦੀ ਹੋਂਦ ਨੂੰ ਅਸਵੀਕਾਰ ਕਰਨਾ ਯੋਗ ਹੈ?

ਸਿੱਖੀ ਦਾ ਮੁੱਢਲਾ ਅਸੂਲ ਹੀ ਅਰਦਾਸ ਹੈ। ਸਵਰਗੀ ਡਾਕਟਰ ਬਲਬੀਰ ਸਿੰਘ ਜੀ ਨੇ ਪ੍ਰਾਰਥਨਾ ਦੇ ਵਿਸ਼ੇ ਉਪਰ ਬੜੀ ਮਹੱਤਵ ਪੂਰਨ ਰੋਸ਼ਨੀ ਪਾਈ



www.AKJ.Org

ਹੈ । ਉਹ 'ਲੰਮੀ ਨਦਰ' ਪੁਸਤਕ ਸਫ਼ਾ ੪੫-੫੬ ਤੇ ਲਿਖਦੇ ਹਨ –

"ਸਾਰੀਆਂ ਰੀਤਾਂ ਰਸਮਾਂ ਦੀ ਥਾਵੇਂ ਸਿਖ ਦੀ ਇਕ ਅਰਦਾਸ ਕਾਫ਼ੀ ਹੈ । ਸਾਰੇ ਪਰਮਾਰਥਕ ਸਾਧਨਾਂ ਦੀ ਜਗ੍ਹਾ ਇਕ ਲਗਾਤਾਰ ਅਰਦਾਸ ਹੀ ਲੋੜੀਂਦੀ ਵਸਤੂ ਹੈ । ਅਰਦਾਸ ਦੀ ਜ਼ਰੂਰਤ ਹਰ ਸੰਸਾਰਕ ਮੌਕੇ ਉਪਰ ਹੈ : ਜਨਮ ਵਲੇ, ਮਰਨ ਵੇਲੇ, ਵਿਆਹ ਵੇਲੇ, ਜੰਗ ਵੇਲੇ । ਕੋਈ ਅਵਸਰ ਨਹੀਂ ਜੋ ਸਿਖ ਲਈ ਬਿਨ ਅਰਦਾਸ ਹੋਵੇ ।"

ਅਗੇ ਜਾ ਕੇ ਓਹ ਲਿਖਦੇ ਹਨ ਕਿ ਸਾਡੀ ਅਰਦਾਸ ਵਿਚ ਦੋ ਨਿਰਾਲੇ ਪਹਿਲੂ ਹਨ । ਏਹ ਅਰਦਾਸ ਸਰਬੱਤ ਦੇ ਭਲੇ ਤੇ "ਚੜ੍ਹਦੀ ਕਲਾ" ਦੀ ਮੰਗ ਨਾਲ ਖ਼ਤਮ ਹੁੰਦੀ ਹੈ । ਸਰਬੱਤ ਦਾ ਭਲਾ ਏਸ ਨੂੰ ਨਿਜੀ ਯਾਚਨਾ ਦੀ ਮੰਗ ਤੋਂ ਉਪਰ ਲੈ ਜਾਂਦਾ ਹੈ ਜਿਸ ਰਾਹੀਂ "ਸਾਡਾ ਨਿਰਾਲਾਪਨ, ਸਾਡਾ ਕਮੀਨਾ-ਪਨ, ਸਾਡਾ ਛੁਟ-ਦਿਲਾਪਨ, ਸਾਡਾ ਵੱਖਰਾਪਨ, ਇਨ੍ਹਾਂ ਸਭਨਾਂ ਤੋਂ ਐਸ ਤਰ੍ਹਾਂ ਖਹਿੜਾ ਛੁਟ ਜਾਂਦਾ ਹੈ ਤੇ ਮਨੁਖ ਐਉਂ ਇਨ੍ਹਾਂ ਤੋਂ ਉਪਰ ਹੋ ਜਾਂਦਾ ਹੈ ਜਿਸ ਤਰ੍ਹਾਂ ਉਸ ਦੇ ਵੱਡੇ ਹੁੰਦਿਆਂ ਹੀ ਪੁਰਾਣੇ ਕਪੜੇ ਛੋਟੇ ਹੋ ਗਏ ਸਨ । ਇਸ ਦਾ ਨਾਮ ਚੜ੍ਹਦੀ ਕਲਾ ਹੈ, ਜੋ ਸਰਬੱਤ ਦੇ ਭਲੇ ਦੀ ਭਾਵ-ਲੀਨਤਾ ਤੋਂ ਤਤਖਿਣ ਪ੍ਰਾਪਤ ਹੁੰਦੀ ਹੈ ।"

ਏਸੇ ਸਰਬੱਤ ਦੇ ਭਲੇ ਤੋਂ "ਖ਼ਾਲਸੇ ਦੀ ਚੜ੍ਹਦੀ ਕਲਾ ਦਾ ਹੁਲਾਸ ਹੈ, ਨਿਤ ਦਾ ਵਿਗਾਸ, ਨਿਤ ਦਾ ਚੜ੍ਹਾਉ, ਨਿਤ ਦਾ ਉਮਾਹ, ਨਿਤ ਦਾ ਹੰਭਲਾ, ਨਿਤ ਦਾ ਉਤਸ਼ਾਹ, ਨਿਤ ਦਾ ਵੇਗ, ਜਿਸ ਅਗੇ ਕੱਖ ਕਾਨੇ, ਪਾਪ, ਬਦੀਆਂ, ਜ਼ੋਰ ਜ਼ੁਲਮ, ਜਬਰ ਸਭ ਨਸ ਖੜੋਂਦੇ ਹਨ । ਕਿਸੇ ਦੁਖ ਵਿਚ ਕਲਾ ਨੂੰ ਖੜੇ ਨਾ ਹੋਣ ਦੇਣਾ, ਸਰਬੱਤ ਦੇ ਭਲੇ ਵਲ ਉਮਾਹ ਕਰਨਾ, ਇਸ ਤਰ੍ਹਾਂ ਆਪਣੀ ਕਲਾ ਨੂੰ ਚੜ੍ਹਦਿਆਂ ਰੱਖਣਾ।" [ਸ਼ੁਧ ਸਰੂਪ ੧੦੨

ਇਹ ਹੈ ਅਰਦਾਸ ਉਹ ਸਾਧਨ ਜੋ ਹਰ ਵੇਲੇ ਮਨੁਖ ਦਾ ਆਸਰਾ ਹੈ, ਉਹ ਮਾਨਸਿਕ ਥੰਮ ਜਿਸ ਦੇ ਆਧਾਰ ਤੇ ਪ੍ਰਾਣੀ ਸੰਸਾਰਕ ਕਮੀਆਂ ਯਾ ਥੁੜ ਤੋਂ ਲਾਚਾਰ ਨਹੀਂ ਹੁੰਦਾ ਜੋ ਮਨ ਦੀ ਰੁਚੀਆਂ ਨੂੰ ਰੋਕ ਕੇ, ਸਚੇ ਤੇ ਸੁਚੇ ਰਾਹ ਵਲ ਪ੍ਰੇਰਦੀ ਹੈ ਜੋ ਇਨਸਾਨ ਦੀ ਖਾਸ ਕਰ ਕੇ ਤੇ ਸਿਖ ਦੀ ਵਿਸ਼ੇਸ਼ ਕਰ ਕੇ ਹਰ ਅਵਸਰ ਉਪਰ ਪੂਰਨ ਅਗਵਾਈ ਕਰਦੀ ਹੈ ।

ਇਕ ਆਦਰਸ਼ਕ ਅਰਦਾਸ ਸੰਬੰਧੀ ਡਾਕਟਰ ਸਾਹਿਬ ਲਿਖਦੇ ਹਨ "ਇਹ ਅਰਦਾਸ ਅਜੀਬ ਸੀ । ਲੰਮੀ ਤੇ ਕਮਜ਼ੋਰ ਨਹੀਂ ਸੀ, ਸੰਖੇਪ ਤੇ ਸੰਘਣੀ ਸੀ । ਘਸੀਟਵੀਂ ਤੋਂ ਪਤਲੀ ਲਸੀ ਨਹੀਂ ਸੀ, ਥਿੰਧਾ ਤੇ ਸਨਿਗਧ ਅਧਰਿੜਕਾ ਸੀ । ਏਹ ਡੁਬਵੀਂ ਤੇ ਹੁੱਜਕੇ ਖਾਂਦੀ ਨਹੀਂ ਸੀ, ਇਹ ਸਰਲ ਚੀਰਵੀਂ ਤੇ ਕਾਟਵੀਂ ਸੀ । ਇਹ ਵਿੰਗੀ ਵਲਦਾਰ ਕੰਠ ਬਾਣੀ ਦੀ ਪ੍ਰਦਰਸ਼ਨੀ ਨਹੀਂ ਸੀ, ਇਹ ਹਿਰਦੇ ਦਾ ਸਿੱਧਾ ਸਰਲ ਉਦਗਾਰ ਸੀ । ਇਹ ਕਾਹਲਿਆਂ ਪਾਉਣ ਵਾਲੀ, ਅਕਾਉਣ ਵਾਲੀ, ਥਕਾਉਣ ਵਾਲੀ ਦਿਲ-ਕਵੀਂ ਅਮੁਕ ਚੀਜ਼ ਨਹੀਂ ਸੀ, ਏਹ ਗੌਰਵਤਾ ਵਾਲੀ ਅਨੁਭਵ ਰੂਪ ਛੋਟੀ ਜਿਹੀ ਜੋਦੜੀ ਸੀ, ਜੋ ਸਾਮਰਤਖ ਮੌਜੂਦ ਕਲਗੀਧਰ ਸਰੂਪ ਦੇ ਚਰਨਾਂ ਵਿਚ ਅਰ-ਜ਼ੋਈ ਰੂਪ ਪਰਵਾਣ ਹੋ ਰਹੀ ਸੀ ।

ਕਿਤਨੇ ਸੋਹਣੇ ਸੁੰਦਰ ਤੇ ਸਿਖਿਆਦਾਇਕ ਵੀਚਾਰ ਹਨ ਜੋ ਹਰ ਗੁਰੂ ਦੇ ਸਿਖ ਨੂੰ ਅਰਦਾਸ ਵੇਲੇ, ਖਾਸ ਕਰਕੇ ਸੰਗਤ ਵਿਚ ਅਰਦਾਸ ਕਰਦਿਆਂ, ਚੇਤੇ ਰਖਣੇ ਚਾਹੀਦੇ ਹਰ, ਤਾਂ ਕਿ ਸੰਗਤ ਦੀ ਇਕਾਗਰਤਾ ਖਿੰਡ ਨਾ ਜਾਏ, ਸਗੋਂ ਅਰਦਾਸ ਰਾਹੀਂ ਇਕ ਮਨ,ਇਕ ਚਿਤ ਹੋਕੇ ਸਾਰੀ ਸੰਗਤ ਗੁਰੂ-ਚਰਨਾਂ ਦੀ ਹਾਜ਼ਰੀ ਵਿਚ ਅਪੜ ਸਕੇ। [ਖ਼ਾਲਸਾ ਸਮਾਚਾਰ 'ਚੋਂ, ਧੰਨਵਾਦ ਸਹਿਤ

---

## ਪੱਤੋ ਹੀਰਾ ਸਿੰਘ ਮੋਗਾ ਵਿਖੇ ਸ੍ਰੀ ਅਖੰਡ ਪਾਠ ਤੇ ਅਖੰਡ ਕੀਰਤਨ

ਬੀਬੀ ਕਰਤਾਰ ਕੌਰ ਜੀ ਪੱਤੋ ਹੀਰਾ ਸਿੰਘ ਦੇ ਗ੍ਰਹਿ ਵਿਖੇ ੨੧ ਸਤੰਬਰ ਨੂੰ ਸ੍ਰੀ ਅਖੰਡ ਪਾਠ ਦੇ ਭੋਗ ਪੈ ਕੇ ਅਖੰਡ ਕੀਰਤਨ ਹੋ ਰਹੇ ਹਨ । ਮੋਗਾ ਤੇ ਬਾਘਾ ਪੁਰਾਣਾ ਤੋਂ ਸਿਧੀਆਂ ਬੱਸਾਂ ਚਲਦੀਆਂ ਹਨ ।

## ਗੁ: ਸੁਖਚੈਨਆਣਾ ਸਾਹਿਬ ਪਾ: ੬ ਫਗਵਾੜਾ ਵਿਖੇ ਅਖੰਡਪਾਠ ਕੀਰਤਨ

੨੮ ਸਤੰਬਰ ੧੯੭੫ ਨੂੰ ਸਵੇਰੇ ਸ੍ਰੀ ਅਖੰਡਪਾਠ ਦੇ ਭੋਗ ਪੈਕੇ ਦਸ ਵਜੇ ਦਿਨ ਤਕ ਅਖੰਡ ਕੀਰਤਨ ਹੋਣਗੇ ।

www.AKJ.Org

# ਦੂਜਾ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚਾਰ ਸਮੇਲਨ

ਸ੍ਰੀ ਅੰਮ੍ਰਿਤਸਰ ਵਿਖੇ ਸਿੰਘ ਸਭਾ ਸ਼ਤਾਬਦੀ ਕਮੇਟੀ ਵਲੋਂ 5, 6, 7, ਸਤੰਬਰ ਨੂੰ ਸਮੇਲਨ ਹੋ ਰਹੇ ਹਨ, ਜਿਸ ਵਿਚ ਖੋਜ-ਪੱਤਰਾਂ ਦੇ ਪੜ੍ਹੇ ਜਾਣ ਤੋਂ ਇਲਾਵਾ ਹੇਠ ਲਿਖੇ ਅਨੁਸਾਰ ਕੀਰਤਨ ਪ੍ਰੋਗਰਾਮ ਹੋ ਰਹੇ ਹਨ—

5 ਤੇ 6 ਸਤੰਬਰ ਨੂੰ ਸਵੇਰੇ 9 ਤੋਂ 10 ਅਤੇ ਦੁਪਹਿਰ 2 ਤੋਂ 3 ਤੇਜਾ ਸਿੰਘ ਸਮੁੰਦਰੀ ਹਾਲ ਵਿਖੇ

5 ,, ਸ਼ਾਮ 8 ਤੋਂ 10 ਦੀਵਾਨ ਅਸਥਾਨ ਮੰਜੀ ਸਾਹਿਬ ਵਿਖੇ

6 ,, ਅੰਮ੍ਰਿਤ ਵੇਲੇ ਅਖੰਡਕੀਰਤਨੀ ਜਥੇ ਵਲੋਂ ਆਸਾਦੀ ਵਾਰ ਸ੍ਰੀ ਹਰਮਿੰਦਰ ਸਾਹਿਬ

6 ,, ਰਾਤ ਨੂੰ ਰੈਣ ਸਬਾਈ ਕੀਰਤਨ ਦੀਵਾਨ ਅਸਥਾਨ ਮੰਜੀ ਸਾਹਿਬ ਵਿਖੇ

ਦੂਰ ਨੇੜੇ ਤੋਂ ਉਘੇ ਅਖੰਡ ਕੀਰਤਨੀ ਜਥੇ ਪੁਜ ਰਹੇ ਹਨ। ਰਿਹਾਇਸ਼ ਦਾ ਪ੍ਰਬੰਧ ਗੁਰੂ ਰਾਮਦਾਸ ਨਿਵਾਸ ਤੇ ਲੰਗਰ ਗੁਰੂ ਰਾਮਦਾਸ ਜੀ ਦੇ ਲੰਗਰ ਵਿਖੇ ਹੋਵੇਗਾ।

ਪੁਛ ਗਿਛ ਲਈ–*ਕੇਂਦਰੀ ਸ੍ਰੀ ਗੁਰੂ ਸਿੰਘ ਸਭਾ, ਤੇਜਾ ਸਿੰਘ ਸਮੁੰਦਰੀ ਹਾਲ, ਅੰਮ੍ਰਿਤਸਰ*

---

## ਸੂਰਾ ਮਾਸਕ ਪੱਤਰ ਨੂੰ ਸਹਾਇਤਾ

ਗੁਪਤ ਪ੍ਰੇਮੀ ਜੀ ਵਲੋਂ

ਸ: ਸੰਤਾ ਸਿੰਘ ਜੀ, ਹੈਡ ਟੀਚਰ, ਸਮਰਾਏ, ਜਲੰਧਰ

ਸ: ਜਗਤਾਰ ਸਿੰਘ ਜੀ, ਤਿਲਕ ਨਗਰ ਦਿਲੀ ਵਲੋਂ ਬੱਚੇ ਦੀ ਬਰਸੀ ਦੇ ਭੇਟ

ਗਿ:ਮਨਮੋਹਨਸਿੰਘ ਜੀ,ਲਕਸ਼ਮੀ ਬਾਈ ਨਗਰ,ਨਵੀਂ ਦਿਲੀ ਵਲੋਂ ਮਾਤਾਜੀ ਦੀ

ਸ: ਜਗਤਾਰ ਸਿੰਘ ਜੀ, ਓ. ਕੇ. ਇੰਡੱਸਟ੍ਰੀਜ਼, ਫਗਵਾੜਾ ਵਲੋਂ

ਗੁਪਤ ਪ੍ਰੇਮੀ ਜੀ ਵਲੋਂ

ਗਿ: ਅਜੀਤ ਸਿੰਘ ਜੀ ਲੁਧਿਆਣਾ ਵਲੋਂ ਸਪੁੱਤਰ ਖ਼ੁਸਵੰਤ ਸਿੰਘ ਜੀ ਤੇ ਬੀਬੀ ਗੁਰਦੀਪ ਕੌਰ ਦੇ ਅਨੰਦ ਕਾਰਜ ਸਮੇਂ ੧੦–੦੦

ਸ੍ਰੀਮਤੀ ਬੀਬੀ ਸਤਵੰਤ ਕੌਰ ਜੀ ਮਾਰਫ਼ਤ ਬਖ਼ਸ਼ੀ ਰਾਜਿੰਦਰ ਸਿੰਘ ਜੀ ਚੰਡੀਗੜ੍ਹ ੩੧-੦੦

ਸਤਿਗੁਰੂ ਪਾਤਸ਼ਾਹ ਸਰਬਤ ਨੂੰ ਗੁਰਸਿਖੀ ਜੀਵਨ ਅਤੇ ਚਰਨਾਂ ਦੀ ਪ੍ਰੀਤ ਬਖ਼ਸ਼ਣ।

---

## 'ਸੂਰਾ' ਮਾਸਕ ਪੱਤਰ ਦਾ ਚੰਦਾ

ਸਮੂਹ ਪਾਠਕਾਂ ਨੂੰ ਬਿਨੈ ਹੈ ਕਿ ਹੁਣ ਚੰਦਾ ਸਾਲ ਦਾ ਅਠ ਰੁਪਏ ਕਰ ਦਿਤਾ ਗਿਆ ਹੈ, ਇਸ ਲਈ ਚੰਦਾ ਭੇਜਣ ਵਾਲੇ ਸਜਣ ਅਠ ਰੁਪਏ (੮–੦੦) ਇਕ ਸਾਲ ਵਾਸਤੇ ਭੇਜਣ।

www.AKJ.Org

# ਸੂਰਾ ਦੇ ਅਮਾਨਤੀ ਲਾਈਫ਼ ਮੈਂਬਰ

ਇਸ ਅਮਾਨਤੀ ਲਾਈਫ਼ ਮੈਂਬਰੀ ਸਕੀਮ ਅਨੁਸਾਰ ਜਿਹੜੇ ਮੁਢਲੇ ਮੈਂਬਰ ਬਣੇ ਹਨ, ਉਨ੍ਹਾਂ ਦੀਆਂ ਸੌ ਸੌ ਰੁਪਏ ਦੀਆਂ ਰਕਮਾਂ ਪੰਜਾਬ ਸਿੰਧ ਬੈਂਕ ਵਿਚ ਜਮ੍ਹਾਂ ਕਰਵਾ ਕੇ, ਪਾਠਕਾਂ ਦੇ ਨਾਂ ਦੀਆਂ ਐਫ਼. ਡੀਆਂ ਬਣਵਾ ਦਿਤੀਆਂ ਗਈਆਂ ਹਨ। ਹੇਠਾਂ ਇਨ੍ਹਾਂ ਪਹਿਲੇ ਮੈਂਬਰਾਂ ਦੇ ਨਾਂ ਅਤੇ ਐਫ. ਡੀ. ਨੰਬਰ ਦਿਤੇ ਜਾ ਰਹੇ ਹਨ—

1. Sqn.Ldr. ਆਰ.ਐਸ.ਢਿਲੋਂ (ਚਿਟ ਨੰ: 357) ਐਫ਼.ਡੀ.ਨੰ: 399015/1215/75 ਮਿਤੀ 25-8-75
2. Lt.Col.K.S. Gill S/o. ਬਾਬੂ ਮਲ ਸਿੰਘ ਜੀ (734) ਨੰ: 399016/1216/75 ,,
3. ਪ੍ਰੋਫ਼ੈਸਰ ਉਦੈ ਸਿੰਘ ਜੀ (ਚਿਟ ਨੰਬਰ 1348) ,, 399017/1217/75 ,,
4. ਬੀਬੀ ਕਰਤਾਰ ਕੌਰ ਜੀ ( ,, ,, 864) ,, 399018/1218/75 ,,
5. ਸ: ਇੰਦਰਜੀਤ ਸਿੰਘ ਜੀ ( ,, ,, 340) ,, 399019/1219/75 ,,
6. ਸ: ਖ਼ਜ਼ਾਨ ਸਿੰਘ ਜੀ ( ,, ,, 968) ,, 399020/1220/75 ,,
7. ਸ: ਮਨਜੀਤਸਿੰਘ ਜੀ ਚਾਵਲਾ ( ,, ,, 953) ,, 399021/1221/75 ,,
8. ਸਿੰਘ ਬ੍ਰਦਰਜ਼ ( ,, ,, 123) ,, 399022/1222/75 ,,
9. ਖ਼ਾਲਸਾ ਬ੍ਰਦਰਜ਼ ( ,, ,, 124) ,, 399023/1223/75 ,,
10. ਗੁਰਬਖ਼ਸ਼ਸਿੰਘ ਅਵਤਾਰਸਿੰਘ ( ,, ,, 143) ,, 398024/1224/75 ,,

ਇਸ ਸਕੀਮ ਅਨੁਸਾਰ ਇਕ ਸੌ ਰੁਪਿਆ ਕੇਵਲ ਜਿਸ ਪਾਠਕ ਵਲੋਂ ਪੁਜਦਾ ਹੈ ਉਸ ਦੀ ਪੂਰੀ ਰਕਮ ਬੈਂਕ ਵਿਚ ਜਮ੍ਹਾਂ ਕਰਾ ਕੇ ਉਸ ਦੇ ਨਾਂ ਐਫ਼. ਡੀ. (ਫ਼ਿਕਸ ਡੀਪਾਜ਼ਿਟ) ਬਣਵਾ ਦਿਤੀ ਜਾਂਦੀ ਹੈ। ਇਸ ਸੌ ਰੁਪਏ ਦਾ ਸੂਦ ਹਰ ਸਾਲ ਚੰਦੇ ਵਜੋਂ 'ਸੂਰਾ' ਪੱਤਰ ਨੂੰ ਮਿਲਦਾ ਰਹੇਗਾ ਅਤੇ ਪੂਰੀ ਦੀ ਪੂਰੀ ਰਕਮ ਪਾਠਕ ਦੀ ਬੈਂਕ ਵਿਚ ਅਮਾਨਤ ਜਮ੍ਹਾਂ ਰਹੇਗੀ। ਪਾਠਕ ਜਦੋਂ ਚਾਹੇ, ਸੌ ਰੁਪਏ ਵਾਪਸ ਲੈ ਸਕਦਾ ਹੈ। ਪੰਜ ਸਾਲ ਤੋਂ ਪਹਿਲਾਂ ਵਾਪਸ ਲੈਣ ਦੀ ਸੂਰਤ ਵਿਚ ਕੁਝ ਕਟੌਤੀ ਹੋ ਜਾਂਦੀ ਹੈ।

ਆਪਣੇ ਤੇ ਸਾਡੇ ਸੁਖਾਲ ਲਈ ਹਰ ਸਾਲ ਚੰਦਾ ਭੇਜਣ ਦੀ ਥਾਂ, ਸਦਾ ਲਈ ਅਮਾਨਤੀ ਇਕ ਸੌ ਰੁਪਿਆ (100-00) ਮਨੀਆਰਡਰ ਜਾਂ ਬੈਂਕ-ਡਰਾਫਟ ਰਾਹੀਂ ਹੇਠ ਲਿਖੇ ਪਤੇ ਤੇ ਭੇਜੋ ਜੀ—

***ਮੈਨੇਜਰ, ਸੂਰਾ ਮਾਸਕ ਪੱਤਰ, ਬਜ਼ਾਰ ਮਾਈ ਸੇਵਾਂ, ਕੂਚਾ ਚਤਰ ਸਿੰਘ, ਅੰਮ੍ਰਿਤਸਰ***


## ਭਾਈ ਸਾਹਿਬ ਰਣਧੀਰ ਸਿੰਘ ਜੀ ਲਿਖਤ ਪੁਸਤਕਾਂ

| | | | |
|---|---|---|---|
| ਅੰਮ੍ਰਿਤ ਕੀ ਹੈ | 2-00 | ਗੁਰਮਤਿ ਰਮਜ਼ਾਂ | 1-30 |
| ਰੰਗਲੇ ਸਜਣ | 3-50 | ਗੁਰਮਤਿ ਸਚ ਨਿਰਣੇ | 6-00 |
| ਦਰਸ਼ਨ ਝਲਕਾਂ | 2-50 | ਅਨਹਦ ਸ਼ਬਦ ਦਸਮ ਦੁਆਰ | 3-50 |
| ਝਟਕਾ ਮਾਸਪ੍ਰਥਾਇ ਤਤ ਨਿਰਣੇ | 3-00 | ਗੁਰਮਤਿ ਗੌਰਵਤਾ | 7-00 |

ਭਾਈ ਸਾਹਿਬ ਲਿਖਤ ਹੋਰ ਪੁਸਤਕਾਂ ਜਿਉਂ ਜਿਉਂ ਛਪਣਗੀਆਂ, ਪਾਠਕਾਂ ਨੂੰ ਇਤਲਾਹ ਦਿੰਦੇ ਜਾਵਾਂਗੇ।

ਪੁਸਤਕਾਂ ਮੰਗਾਉਣ ਦਾ ਪਤਾ

ਭਾਈ ਸਾਹਿਬ ਰਣਧੀਰ ਸਿੰਘ ਪਬਲਿਸ਼ਿੰਗ ਹਾਊਸ, 126-ਮਾਡਲ ਟਾਊਨ, ਲੁਧਿਆਣਾ
(ਜਾਂ) 'ਸੂਰਾ' ਮਾਸਕ ਪੱਤਰ, ਬਜ਼ਾਰ ਮਾਈ ਸੇਵਾਂ, ਕੂਚਾ ਚਤਰ ਸਿੰਘ, ਅੰਮ੍ਰਿਤਸਰ


www.AKJ.Org